ੴ ਸਤਿਗੁਰ ਪ੍ਰਸਾਦਿ ॥

ਪੂਜਾ ਅਕਾਲ ਕੀ, ਪਰਚਾ ਸ਼ਬਦ ਦਾ, ਦੀਦਾਰ ਖ਼ਾਲਸੇ ਦਾ ਅਤੇ ਸਿੱਖ ਭਲਾ ਸਰਬੱਤ ਦਾ ਲੋਚੇ

# ਵਿਸ਼ਵ ਸਿੱਖ ਬੁਲੇਟਿਨ

*Vishav Sikh Bulletin*

**ਨਵੰਬਰ 2004 | ਮੱਘਰ 536 ਨਾਨਕਸ਼ਾਹੀ | ਚੰਡੀਗੜ੍ਹ | ਸਾਲ-1 ਅੰਕ-11**

**ਇਸ ਅੰਕ ਵਿੱਚ**

1. ਸੰਪਾਦਕ ਦੀ ਕਲਮ ਤੋਂ ................. 1
2. ਗੁਰੂ ਨਾਨਕ ਮਿਸ਼ਨ ਤੇ ਸਿੱਖੀ ਦੀ ਅਜੋਕੀ ਦਸ਼ਾ ......... *ਹਰਦੇਵ ਸਿੰਘ ਸ਼ੇਰਗਿੱਲ* 3
3. ਆਲਮੀ ਪਿੰਡ ਅਤੇ ਸਿੱਖ (ਸੰਮੇਲਨਾਂ ਦੀ ਰਿਪੋਟ) ......... *ਹਰਦੇਵ ਸਿੰਘ ਸ਼ੇਰਗਿੱਲ* 4
4. ਵਿਸ਼ਵ ਸਿੱਖ ਸੰਮੇਲਨਾਂ ਦੇ ਮਤੇ .......................... 8
5. ਚੰਡੀਗੜ੍ਹ ਦੇ ਵਿਸ਼ਵ ਸਿੱਖ ਸੰਮੇਲਨ ਦੀਆਂ ਅਖ਼ਬਾਰੀ ਰਿਪੋਟਾਂ ...... 21
6. ਸਮਕਾਲੀ ਸੰਦਰਭ (ਅਸ਼ੌਤੀ ਸਾਧਾਂ ਦੀਆਂ ਅਖ਼ਬਾਰੀ ਰਿਪੋਟਾਂ) ...... 26
7. ਸਾਧਾਂ ਵੱਲੋਂ ਅਨਮੋਲ ਖ਼ਜ਼ਾਨੇ ਦਾ ਘਾਣ ......... *ਕੰਵਰਦੀਪ ਸਿੰਘ, ਪਰਮਿੰਦਰ ਸਿੰਘ* 29
8. 'ਸਪੋਕਸਮੈਨ' ਸਬੰਧੀ ਪੁੱਛ-ਪੜਤਾਲ ਅਤੇ ਜਵਾਬ ........ 31
9. 'ਮੁੰਦਾਵਣੀ': ਪੰਜਾਹ ਹਜ਼ਾਰ ਰੁਪਏ ਦੇ ਇਨਾਮ ਦਾ ਐਲਾਨ ........ 32

**ਸੰਪਾਦਕ:**
ਗੁਰਤੇਜ ਸਿੰਘ
**ਸੰਪਾਦਕੀ ਸਲਾਹਕਾਰ:**
ਹਰਦੇਵ ਸਿੰਘ ਸ਼ੇਰਗਿੱਲ,
ਗੁਰਪਾਲ ਸਿੰਘ ਖਹਿਰਾ,
ਹਰਸ਼ਿੰਦਰ ਸਿੰਘ
**ਸਹਿਯੋਗੀ (ਪ੍ਰੋਡਕਸ਼ਨ):**
ਗੁਰਚਰਨ ਸਿੰਘ, ਪ੍ਰਮਿੰਦਰ ਜੀਤ ਸਿੰਘ

ਮੁੱਲ -5 ਰੁਪਏ; ਸਾਲਾਨਾ ਚੰਦਾ 60 ਰੁਪਏ
ਚੰਦਾ ਕੇਵਲ ਮਨੀ ਆਰਡਰ ਜਾਂ ਬੈਂਕ ਡਰਾਫਟ ਰਾਹੀਂ '**Vishav Sikh Bulletin**' ਦੇ ਨਾਂ 'ਤੇ ਹੀ ਭੇਜਿਆ ਜਾਵੇ ਜੋ ਕਿ ਚੰਡੀਗੜ੍ਹ ਵਿਖੇ ਅਦਾਇਗੀ ਯੋਗ ਹੋਵੇ।

**ਸੰਪਰਕ, ਟਿੱਪਣੀਆਂ ਅਤੇ ਸੁਝਾਅ ਲਈ ਪਤਾ:**
742, ਸੈਕਟਰ 8-ਬੀ, ਚੰਡੀਗੜ੍ਹ – 160 009.
ਫੋਨ: *0172-3091414*
**E-Mail:** vsbpb@yahoo.co.in
**Also available at**
**Website:www.sikhbulletin.com**

ਬੁਲੇਟਿਨ ਵਿੱਚ ਛਪੇ ਵਿਚਾਰ ਸਬੰਧਤ ਲੇਖਕਾਂ ਦੇ ਆਪਣੇ ਹਨ।
ਸੰਪਾਦਕ ਦਾ ਇਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

**ਸੰਪਾਦਕ ਦੀ ਕਲਮ ਤੋਂ**

## ... ਹਾਥਿ ਦੀਪੁ ਕੂਏ ਪਰੈ

ਜਦੋਂ ਜ਼ਾਹਰਾ ਤੌਰ ਉੱਤੇ ਅਪਰਾਧੀ ਬਿਰਤੀਆਂ ਵਾਲੇ ਭ੍ਰਿਸ਼ਟਾਚਾਰੀ ਮਨੁੱਖ ਸਭ ਤੋਂ ਵੱਧ ਪ੍ਰਵਾਣਤ ਸਿਆਸੀ ਨੇਤਾ ਹੋਣ; ਜਦੋਂ ਧਰਮ ਰੱਖਿਅਕ ਸੰਸਥਾਵਾਂ ਦੇ ਸਭ ਤੋਂ ਵੱਡੇ ਮੁਖੀ ਧਰਮ-ਭਖਸ਼ਕ ਬਣ ਜਾਣ; ਜਦੋਂ ਕੌਮ ਦੇ ਸਭ ਤੋਂ ਵੱਧ ਪ੍ਰਭਾਵਸ਼ਾਲੀ ਸਿਆਸੀ ਆਗੂ ਕੌਮ ਦੀ ਸਿਆਸਤ ਨੂੰ ਵੇਚ ਕੇ ਚਾਲੀ ਗੰਜ ਜੋੜਨ ਉੱਤੇ ਹੀ ਉੱਤਰ ਆਉਣ ਤਾਂ ਕਿਸੇ ਕੌਮਪ੍ਰਸਤ ਕਲਮ ਕੋਲ ਲਿਖਣ ਨੂੰ ਰਹਿ ਹੀ ਕੀ ਜਾਂਦਾ ਹੈ ? ਪਰ ਜੇ ਕੁਈ ਕੌਮ ਅਜੇਹੇ ਆਗੂ ਨੂੰ ਆਪਣਾ ਮਸੀਹਾ ਮੰਨ ਕੇ ਸਵੈ ਇੱਛਾ ਨਾਲ ਓਸ ਦੀਆਂ ਮੁੰਨੀਆਂ ਭੇਡਾਂ ਬਣ ਜਾਵੇ ਅਤੇ ਓਸ ਲਈ ਧਨ, ਸ਼ੁਹਰਤ ਹਾਸਲ ਕਰਨਾ ਹੀ ਕੌਮੀ ਫ਼ਰਜ਼ ਸਮਝ ਲਵੇ ਤਾਂ ਓਸ ਦੇ ਸਫ਼ਾ-ਏ-ਹਸਤੀ ਤੋਂ ਮਿਟ ਜਾਣ ਦੇ ਦਿਨ ਗਿਣਨਾ ਕਿੰਨਾਂ ਕੁ ਮੁਸ਼ਕਲ ਹੁੰਦਾ ਹੈ ? ਜੇ ਉਹੀ ਕੌਮ ਆਪਣੇ ਅਜੇਹੇ ਸਿਆਸੀ ਅਤੇ ਧਾਰਮਕ ਨੇਤਾਵਾਂ ਵੱਲੋਂ ਉਸਾਰੇ ਗਏ, ਸ਼ਾਨਦਾਰ ਦਿੱਸਦੇ ਲਾਖ ਦੇ ਘਰ ਨੂੰ ਹੀ ਸਦਾ ਸੁਖੀ ਜੀਵਨ ਜਿਊਣ ਦਾ ਆਧਾਰ ਬਣਾ ਲਵੇ ਤਾਂ ਕੀ ਬਾਕੀ ਕੁਝ ਲਿਖਣ, ਆਖਣ ਨੂੰ ਰਹਿ ਵੀ ਜਾਂਦਾ ਹੈ ?

ਉਪਰੋਕਤ ਕੁਝ ਸਵਾਲ ਹਨ ਜਿਨ੍ਹਾਂ ਦਾ ਜਵਾਬ ਸਮਾਂ ਮੰਗਦਾ ਹੈ। ਇਹਨਾਂ ਦੇ ਜੁਆਬ ਦੇਣਾ ਹਰ ਪੱਖੋਂ ਦੁੱਖਦਾਈ ਕਰਮ ਹੈ। ਖਾਸ ਤੌਰ ਉੱਤੇ ਓਦੋਂ ਜਦੋਂ ਕਿ ਕੌਮ ਅਜੇਹੀ ਗੂੜ੍ਹੀ ਨੀਂਦ ਸੁੱਤੀ ਹੋਵੇ ਕਿ ਆਰਾਂ ਮਾਰ-ਮਾਰ ਕੇ ਵੀ ਜਾਗਦੀ ਨਾ ਹੋਵੇ; ਜਦੋਂ ਕਿ ਓਸ ਦਾ ਮਾਸ ਨੋਚਣ ਵਾਲੀਆਂ ਗਿਰਝਾਂ ਨੇ ਆਕਾਸ਼-ਮੰਡਲ ਵਿੱਚ ਤਕੜਾ ਝੁਰਮਟ ਪਾਇਆ ਹੋਵੇ ਅਤੇ ਚਾਰੋਂ ਤਰਫ ਉਡਾਰੀਆਂ ਮਾਰਦੀਆਂ ਆਪਣੀਆਂ ਚੁੰਝਾਂ ਨੂੰ ਸਵਾਰ ਰਹੀਆਂ ਹੋਣ। ਇਹਨਾਂ ਗਿਰਝਾਂ ਦੇ ਗਲ਼ ਪਾਉਣ ਲਈ ਹੱਥਾਂ ਵਿੱਚ ਫੁੱਲਾਂ ਦੇ ਹਾਰ ਲੈ ਕੇ ਸੁੱਤੀ ਕੌਮ ਨੂੰ ਕਿਵੇਂ ਨਵੇਂ ਜੀਵਨ ਦਾ ਰਾਹ ਦਿੱਸ ਆਵੇ ? ਕੀ ਬਿਧ ਬਣੇ ਕਿ "ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ..." ਦੀ ਹਾਲਤ ਵਿੱਚੋਂ

ਨਿਕਲ ਕੇ "... ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ" ਦੀ ਅਵਸਥਾ ਮੁੜ ਫੇਰੀ ਪਾਵੇ ?

ਇਹਨਾਂ ਸਾਰੇ ਵਿਸ਼ਿਆਂ ਨੂੰ ਵਿਚਾਰਨ ਲਈ ਪਹਿਲਾਂ ਅਜੋਕੀ ਸਥਿਤੀ ਉੱਤੇ ਪੰਛੀ ਝਾਤ ਪਾਉਣੀ ਜ਼ਰੂਰੀ ਹੈ। ਸਭ ਤੋਂ ਵੱਧ ਨਿਘਾਰ ਅੱਜ ਸਿਆਸਤ ਵਿੱਚ ਨਜ਼ਰ ਆਉਂਦਾ ਹੈ; 'ਸਿੱਖ ਸਿਆਸਤ' ਨਾਂ ਦੀ ਕੁਈ ਚੀਜ਼ ਵੇਖਣ ਨੂੰ ਨਹੀਂ ਮਿਲਦੀ। 'ਸਿੱਖਾਂ ਦੀ ਸਿਆਸਤ' ਗੱਜ-ਵੱਜ ਕੇ ਸਿੱਖੀ ਵਿਰੁੱਧ ਮੈਦਾਨ ਵਿੱਚ ਡਟੀ ਨਜ਼ਰ ਆਉਂਦੀ ਹੈ। ਏਸ ਵਿੱਚ ਸਿੱਖੀ ਕਦਰਾਂ-ਕੀਮਤਾਂ ਨੂੰ ਤਿਲਾਂਜਲੀ ਦੇ ਚੁੱਕੇ ਲੋਕਾਂ ਦਾ ਬੋਲ-ਬਾਲਾ ਹੈ। ਏਸ ਸਿਆਸਤ ਵਿੱਚੋਂ ਕਦੇ ਵੀ 'ਸਰਬੱਤ ਦੇ ਭਲੇ' ਨੂੰ ਪ੍ਰਣਾਏ ਲੋਕਾਂ ਦਾ ਝਾਉਲਾ ਤੱਕ ਨਹੀਂ ਪੈਂਦਾ। ਜਿੱਧਰ ਵੀ ਵੇਖੋ, ਫੋਕੀਆਂ ਚਉਧਰਾਂ ਦੇ ਸ਼ੌਕੀਨ, ਗੁੰਡਾਗਰਦੀ ਦੀ ਹੱਦ ਤੱਕ ਜਾ ਕੇ ਆਪਣਾ ਮੱਤ ਦੂਜਿਆਂ ਉੱਤੇ ਠੋਸਣ ਦੀ ਇੱਛਾ ਰੱਖਣ ਵਾਲੇ, ਹਰ ਹਾਲਤ ਵਿੱਚੋਂ ਮਾਮੂਲੀ ਦਲਾਲਾਂ ਵਾਂਗ ਦਮੜਾ ਲੋਚਦੇ ਦਮਾਂ ਦੇ ਲੋਭੀ, ਦੂਜਿਆਂ ਦਾ ਖ਼ੂਨ ਪੀ ਕੇ ਜੋਕਾਂ ਵਾਂਗੂੰ ਅੱਖਾਂ ਦੇ ਸਾਹਮਣੇ ਮੋਟੇ ਹੁੰਦੇ ਉਹ ਦਿੱਸਦੇ ਹਨ ਜਿਨ੍ਹਾਂ ਬਾਰੇ ਗੁਰਬਾਣੀ ਦਾ ਫ਼ੁਰਮਾਨ ਹੈ: "ਜਿਨਾ ਸਤਿਗੁਰੁ ਪੁਰਖੁ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ॥ ਓਇ ਮਾਣਸ ਜੂਨਿ ਨ ਆਖੀਅਨਿ ਪਸੂ ਢੋਰ ਗਾਵਾਰ॥" ਵੱਡੇ ਨੇਤਾ ਇਹਨਾਂ ਲੋਭ-ਲਹਿਰ ਦੇ ਡੰਗਿਆਂ ਦੇ ਹੀ ਕੇਵਲ ਦਿਉ-ਕੱਦ ਆਕਾਰ ਹਨ।

ਸਭ ਤੋਂ ਵੱਡੇ ਕੱਦ-ਕਾਠ ਵਾਲੇ ਨੇਤਾ ਪ੍ਰਕਾਸ਼ ਸਿੰਘ ਦਾ ਇੱਕੋ-ਇੱਕ ਨਿਸ਼ਾਨਾ ਸਿਆਸੀ ਸੱਤਾ ਹਾਸਲ ਕਰਨਾ, ਏਸ ਨੂੰ ਪੁਸ਼ਤ ਦਰ ਪੁਸ਼ਤ ਕਾਇਮ ਰੱਖਣਾ ਅਤੇ ਏਸ ਦੀ ਸਹਾਇਤਾ ਨਾਲ ਧਨ ਇਕੱਤਰ ਕਰਨਾ ਰਿਹਾ ਹੈ। ਏਸ ਟੀਚੇ ਦੀ ਪ੍ਰਾਪਤੀ ਲਈ ਓਸ ਨੇ ਸਿੱਖ ਅਤੇ ਸਿੱਖੀ ਦੀ ਸੁਤੰਤਰ ਹੋਂਦ ਤੋਂ ਮੁਨਕਰ ਸਿਆਸੀ ਸ਼ਕਤੀਆਂ ਨਾਲ ਸਾਂਝਾਂ ਪਾਈਆਂ। ਜ਼ਾਹਰ ਹੈ ਕਿ ਸਾਂਝ ਤਾਹੀਏਂ ਪੁੱਗ ਸਕਦੀ ਹੈ ਜੇ ਪ੍ਰਕਾਸ਼ ਸਿੰਘ ਜਾਂ ਹਿੰਦੂਤਵ ਦੀਆਂ ਸ਼ਕਤੀਆਂ ਆਪਣੇ ਮੁੱਢਲੇ ਨਿਸ਼ਾਨੇ ਨੂੰ ਤਿਆਗਣ। ਹਿੰਦੂਤਵੀਆਂ ਨੇ ਤਾਂ ਆਪਣਾ ਸਿੱਖਾਂ ਨੂੰ ਹਿੰਦੂਤਵ ਵਿੱਚ ਸ਼ੁਮਾਰ ਕਰਨ ਦਾ ਨਿਸ਼ਾਨਾ ਤਿਆਗਿਆ ਨਹੀਂ। ਸਪਸ਼ਟ ਹੈ ਕਿ ਸਿੱਖਾਂ ਦੀ ਆਜ਼ਾਦ ਹਸਤੀ ਅਤੇ ਸਿੱਖੀ ਦੀ ਹੋਂਦ ਦਾ ਸਦਾ ਤੋਂ ਚੱਲਿਆ ਆਉਂਦਾ ਨਿਸ਼ਾਨਾ ਪ੍ਰਕਾਸ਼ ਸਿੰਘ ਨੇ ਹੀ ਤਿਆਗਿਆ ਹੈ।

ਸਿੱਖਾਂ ਦੀ ਆਜ਼ਾਦ ਹਸਤੀ ਦੇ ਨਿਸ਼ਾਨੇ ਦਾ ਤਾਂ ਏਸ ਨੇ ਓਦੋਂ ਭੋਗ ਪਾਇਆ ਜਦੋਂ ਅਕਾਲੀ ਦਲ ਦੀ ਮੋਗਾ ਕੌਨਫ਼ਰੰਸ ਵਿੱਚ ਏਸ ਨੇ ਜਨਮ ਤੋਂ ਸਿੱਖ ਹੱਕਾਂ ਲਈ ਜੂਝਦੇ ਆਏ ਅਕਾਲੀ ਦਲ ਨੂੰ ਪੰਜਾਬੀ ਪਾਰਟੀ ਦਾ ਬੁਰਕਾ ਪਵਾ ਦਿੱਤਾ। ਓਸ ਦਿਨ ਤੋਂ ਬਾਅਦ ਅੱਜ ਤੱਕ ਸਿੱਖ ਹੱਕਾਂ ਦੀ ਗੱਲ ਨਾ ਪ੍ਰਕਾਸ਼ ਸਿੰਘ ਨੇ ਕੀਤੀ ਹੈ, ਨਾ ਏਸ ਦੇ ਅਕਾਲੀ ਦਲ ਨੇ। ਜੇਲ੍ਹਾਂ ਵਿੱਚ ਦਹਾਕਿਆਂ ਤੋਂ ਬੰਦ ਸਿਆਸੀ ਕੈਦੀਆਂ ਲਈ ਏਸ ਕੋਲ ਸਮਾਂ ਨਹੀਂ; ਅਮਰੀਕੀ ਜਨੂੰਨੀਆਂ ਦੇ ਅਰਬਾਂ ਭੁਲੇਖੇ ਮਾਰੇ ਗਏ ਸਿੱਖਾਂ ਲਈ ਏਸ ਕੋਲ ਦਿਲੀ ਹਮਦਰਦੀ ਦੇ ਦੋ ਬੋਲ ਨਹੀਂ; ਵਿਦੇਸ਼ਾਂ ਵਿੱਚ ਰੋਜ਼ੀ-ਰੋਟੀ ਪਿੱਛੇ ਧੱਕੇ ਖਾਂਦੇ ਨੌਜਵਾਨਾਂ ਲਈ ਏਸ ਦਾ ਦਿਲ ਕਦੇ ਨਹੀਂ ਕਲਪਿਆ ਅਤੇ ਨਾ ਹੀ ਕਰਜ਼ਿਆਂ ਦੇ ਬੋਝ ਥੱਲੇ ਦੱਬੀ ਕਿਸਾਨੀ ਦੇ ਖ਼ੁਦਕੁਸ਼ੀਆਂ ਕਰਦੇ ਨਿਤਾਣਿਆਂ ਲਈ। ਸਿੱਖੀ ਦੇ 'ਸਰਬੱਤ ਦੇ ਭਲੇ' ਦੇ ਮਹਾਨ ਆਦਰਸ਼ ਦਾ ਤਿਆਗ ਇਉਂ ਪ੍ਰਕਾਸ਼ ਸਿੰਘ ਤੋਂ ਪਹਿਲਾਂ ਕਿਸੇ ਨੇਤਾ ਨੇ ਏਨੀਂ ਦ੍ਰਿੜ੍ਹਤਾ ਨਾਲ ਕਦੇ ਨਹੀਂ ਕੀਤਾ।

ਪ੍ਰਕਾਸ਼ ਸਿੰਘ ਦੀ ਸਰਦਾਰੀ ਦੌਰਾਨ ਸਭ ਤੋਂ ਵੱਡਾ ਖੋਰਾ ਸਿੱਖ ਸਿਧਾਂਤਾਂ ਨੂੰ ਲੱਗਿਆ। ਲੱਗਿਆ ਨਹੀਂ, ਲਾਇਆ ਗਿਆ। ਸੰਦਰਭ ਦੱਸਦਾ ਹੈ ਕਿ ਸਿਆਸੀ ਲਾਭ ਲੈਣ ਲਈ ਜਾਣ-ਬੁੱਝ ਕੇ ਪੂਰੀ ਸੋਝੀ ਹੁੰਦਿਆਂ ਇਹ ਕਾਰਵਾਈ ਕੀਤੀ ਗਈ ਹੈ। ਜ਼ਰਾ ਹੇਠ ਲਿਖੀਆਂ ਘਟਨਾਵਾਂ ਵੱਲ ਨਿਗਾਹ ਮਾਰੀਏ ਤਾਂ ਪ੍ਰਕਾਸ਼ ਸਿੰਘ ਦੀ ਧਰਮ ਸਬੰਧੀ ਨੀਤੀ ਸਪਸ਼ਟ ਹੋ ਆਉਂਦੀ ਹੈ: ਬਦਨਾਮ ਦੇਹਧਾਰੀਆਂ ਦੇ ਪੈਰਾਂ ਵਿੱਚ ਏਸ ਦਾ ਅਤੇ ਏਸ ਦੇ ਪਰਵਾਰ ਦਾ ਬੈਠਣਾ; ਖ਼ਾਲਸੇ ਨੂੰ ਲਵ-ਕੁਸ਼ ਦੀ ਔਲਾਦ ਦੱਸਣ ਵਾਲੇ ਪੂਰਨ ਸਿੰਘ ਨੂੰ ਵੱਡੀਆਂ ਧਾਰਮਕ ਪਦਵੀਆਂ ਉੱਤੇ ਬਿਠਾਉਣਾ; ਹਵਨ-ਯੱਗ ਆਦਿ ਕਰਵਾਉਣੇ; ਗੀਤਾ, ਰਾਮਾਯਣ ਆਦਿ ਦੇ ਅਖੰਡ ਪਾਠ ਕਰਵਾਉਣ ਵਾਲਿਆਂ ਦੀ ਪਿੱਠ ਉੱਤੇ ਖਲੋਣਾ; ਮੰਦਰਾਂ ਵਿੱਚ ਮੱਥੇ ਟੇਕਣੇ ਆਦਿ ਕਰਮ ਦੱਸਦੇ ਹਨ ਕਿ ਸਿੱਖੀ ਦੀ ਸਾਰਥਕਤਾ ਵਿੱਚ ਅਤੇ ਉਸ ਦੇ ਸਰਵੋਤਮ ਧਰਮ ਹੋਣ ਵਿੱਚ ਓਸ ਦੀ ਉੱਕੀ ਆਸਥਾ ਨਹੀਂ — ਗੁਰਬਾਣੀ ਪ੍ਰਤੀ ਸ਼ਰਧਾ ਅਤੇ ਸਿੱਖ ਸਿਧਾਂਤਾਂ ਉੱਤੇ ਨਿਸ਼ਠਾ ਤਾਂ ਬਹੁਤ ਦੂਰ ਦੀ ਗੱਲ ਹੈ।

ਅੰਮ੍ਰਿਤ ਦੀ ਰਹਿਤ ਬਾਰੇ ਵਿਚਾਰ ਪ੍ਰਗਟ ਕਰਦੇ ਓਸ ਦੇ ਕਰਤਬ ਅਤੇ ਸ਼ਬਦੀ ਟਿੱਪਣੀਆਂ ਦੱਸਦੀਆਂ ਹਨ ਕਿ ਉਹ ਅੰਮ੍ਰਿਤ ਦੀ ਰਸਮ ਨੂੰ ਮਜ਼ਾਕ ਦਾ ਵਿਸ਼ਾ ਬਣਾਉਣ ਉੱਤੇ ਤੁਲਿਆ ਹੋਇਆ ਹੈ। ਕੁਰਹਿਤੀਆਂ ਨੂੰ ਸ਼੍ਰੋਮਣੀ ਕਮੇਟੀ ਦੇ ਵੱਡੇ ਅਹੁਦੇਦਾਰ ਥਾਪਣਾ; ਗੁਰਬਿਲਾਸ ਪਾਤਸ਼ਾਹੀ ਛੇਵੀਂ ਵਰਗੀ ਸਿੱਖੀ-ਮਾਰੂ ਪੁਸਤਕ ਨੂੰ ਪ੍ਰਚੱਲਤ ਕਰਵਾਉਣਾ ਅਤੇ ਏਸ ਦੇ ਸੰਪਾਦਕ ਦੇ ਸਿਰ ਉੱਤੇ ਹੱਥ ਰੱਖਣਾ; ਆਪਣੇ ਨਜ਼ਦੀਕੀ ਰਿਸ਼ਤੇਦਾਰ ਨੂੰ ਅੰਮ੍ਰਿਤ ਛਕਾ ਕੇ ਸਿਆਸੀ ਲਾਹਾ ਲੈਣਾ ਅਤੇ ਫੇਰ ਰੋਮਾਂ ਦੀ ਬੇਅਦਬੀ ਨੂੰ ਬਿਨਾ ਚੂੰ-ਚਾਂ ਸਹਾਰਨਾ ਆਦਿ ਤੋਂ ਉਪਰੋਕਤ ਪ੍ਰਭਾਵ ਹੀ ਮਿਲਦਾ ਹੈ।

ਇਹਨਾਂ ਸਮਿਆਂ ਵਿੱਚ ਦੋ ਘਟਨਾਵਾਂ ਐਸੀਆਂ ਹੋਈਆਂ ਹਨ ਜਿਨ੍ਹਾਂ ਰਾਹੀਂ ਏਸ ਨੇ ਸਿੱਖੀ ਦੇ ਆਧਾਰ ਗੁਰੂ ਗ੍ਰੰਥ ਸਾਹਿਬ ਦਾ ਅਤਿ

ਦਾ ਨਿਰਾਦਰ ਕੀਤਾ ਹੈ ਅਤੇ ਸਿੱਖੀ ਨੂੰ ਘੱਟੇ-ਕਉਡੀਆਂ ਰੋਲਣ ਦਾ ਉੱਦਮ ਕੀਤਾ ਹੈ। ਪਹਿਲੀ ਤਾਂ ਹੈ 400 ਸਾਲਾ ਪੋਥੀ ਪ੍ਰਕਾਸ਼ ਉਤਸਵ ਨੂੰ ਪ੍ਰਕਾਸ਼ ਸਿੰਘ ਉਤਸਵ ਬਣਾ ਦੇਣ ਦਾ ਕੁਕਰਮ ਪ੍ਰੰਤੂ ਏਸ ਤੋਂ ਵੀ ਵੱਧ ਨਿੰਦਣਯੋਗ ਹੈ ਏਸ ਦੇ 'ਬੰਦਿਆਂ' ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਵਾਰੀ ਉੱਤੇ ਗੁਰੂ ਦੀ ਬਰਾਬਰੀ ਕਰਨ ਦੀ ਇੱਛਾ ਨਾਲ ਸਵਾਰ ਹੋਣਾ।

ਹੁਣੇ-ਹੁਣੇ ਅਖ਼ਬਾਰ ਵਿੱਚ ਛਪਿਆ ਹੈ ਕਿ ਏਸ ਨੇ ਇੱਕ ਸੁਜਾਖੇ ਰਾਗੀ ਸਿੰਘ ਦੀ ਧਰਮ-ਪਤਨੀ ਨਾਲ ਛੇੜ-ਛਾੜ ਕਰਨ ਵਾਲੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਕੋਲੋਂ ਸਿਰੋਪਾ ਲਿਆ ਹੈ। ਇਹ ਸਿੱਖ ਇਤਿਹਾਸ ਦੇ ਬੰਦੀ ਛੋੜ ਖਾਸੇ ਨਾਲ ਸਿੱਧਾ-ਪੱਧਰਾ ਬਲਾਤਕਾਰ ਹੈ ਅਤੇ ਸਿਰੋਪਾ ਲੈਣ ਦੇਣ ਦੀ ਰਸਮ ਨਾਲ ਏਸ ਤੋਂ ਵੱਡਾ ਤੇ ਕੋਝਾ ਮਜ਼ਾਕ ਸ਼ਾਇਦ ਸੰਭਵ ਹੀ ਨਹੀਂ। ਇਹ ਘਟਨਾ ਦੱਸਦੀ ਹੈ ਕਿ ਪ੍ਰਕਾਸ਼ ਸਿੰਘ ਦੀ ਦੇਖ-ਰੇਖ ਹੇਠ ਗੁਰਦਵਾਰਿਆਂ ਉੱਤੇ ਮੁੜ ਕੇ ਮਹੰਤਾਂ ਦਾ ਕਬਜ਼ਾ ਹੋ ਚੁੱਕਾ ਹੈ। ਏਸ ਘਟਨਾ ਦੇ ਦੂਰ ਰਸੀ ਨਤੀਜਿਆਂ ਨੂੰ ਚਿਤਵਦਿਆਂ ਤਾਂ ਕੰਬਣੀ ਛਿੜ ਜਾਂਦੀ ਹੈ।

ਸਪਸ਼ਟ ਹੈ ਕਿ ਪ੍ਰਕਾਸ਼ ਸਿੰਘ ਨੇ ਸਿਆਸੀ ਸ਼ਕਤੀ ਹਾਸਲ ਕਰਨ ਲਈ ਸਿੱਖੀ ਦੀ ਆਬਰੂ ਅਤੇ ਹੋਂਦ ਤੱਕ ਨੂੰ ਦਾਅ ਉੱਤੇ ਲਾ ਦਿੱਤਾ ਹੈ। ਏਸ ਦੀ ਫ਼ਿਤਰਤ ਤਾਂ ਪਹਿਲੇ ਦਿਨੋਂ ਹੀ ਜੱਗ-ਜ਼ਾਹਰ ਸੀ। ਅਫ਼ਸੋਸ ਤਾਂ ਓਸ ਕੌਮ ਉੱਤੇ ਹੈ ਜੋ ਕੇਵਲ ਸਰਵਨਾਸ਼ ਕਰਨ ਵਾਲੇ ਨੂੰ ਬਰਦਾਸ਼ਤ ਹੀ ਨਹੀਂ ਕਰ ਰਹੀ ਬਲਕਿ ਫੁੱਲਾਂ ਦੇ ਹਾਰ ਪਾਉਂਦੀ, ਬੈਂਡ-ਵਾਜਿਆਂ ਨਾਲ ਜੈ-ਜੈ ਕਾਰ ਦੇ ਨਾਅਰੇ ਲਾਉਂਦੀ, ਓਸ ਨੂੰ ਇੱਕ ਤੋਂ ਦੂਜੀ ਸਿਆਸੀ ਬੁਲੰਦੀ ਉੱਤੇ ਬਿਠਾ ਰਹੀ ਹੈ।

ਹੁਣ ਕੀ ਜਾਣੀਏਂ ਕਿ ਤੱਤੀ ਤਵੀ ਉੱਤੇ ਬੈਠਣ ਵਾਲੇ, ਸਰਬੰਸ ਦਾਨੀ ਦੇ ਪੱਖ ਦਾ ਕੁਈ ਸਿੱਖ ਨਹੀਂ ਰਿਹਾ? ਕੀ ਸਾਰੇ ਦਾ ਸਾਰਾ ਪੰਥ ਹੀ 'ਅੰਨ ਦਾ, ਧਨ ਦਾ ਅਤੇ ਪਹਾੜਾਂ ਵਾਲੀ ਰੰਨ' ਦਾ ਹੋ ਚੁੱਕਿਆ ਹੈ? ਜੇ ਕੁਈ ਗੁਰੂ ਦਾ ਸਿੱਖ ਕਿਤੇ ਹੈ ਵੀ ਤਾਂ ਉਹ ਹੁਣ ਕਿਸ ਉਮੀਦ ਉੱਤੇ ਦੜ ਵੱਟ ਕੇ ਜ਼ਮਾਨਾ ਕੱਟ ਰਿਹਾ ਹੈ? ਕੀ ਅਸੀਂ ਸਾਰੇ ਕਿਸੇ ਮੂਰਤੀ ਦੇ ਤੀਜੇ ਨੇਤਰ ਦੇ ਖੁੱਲ੍ਹਣ ਦੀ ਇੰਤਜ਼ਾਰ ਵਿੱਚ ਹਾਂ?

ਆਉ! ਸਿਆਸੀ ਬਦਲ ਤੁਰੰਤ ਸਿਰਜ ਕੇ ਜੁਆਬ ਦੇਈਏ; ਕਲਗੀਧਰ ਹਜ਼ੂਰ ਨਾਲ ਕੀਤੇ ਕੌਲ ਪਾਲੀਏ ਅਤੇ ਬੇ-ਦਾਵੇ ਪੜਵਾਈਏ।

"ਨਾਨਕ ਸਿਝਿ ਇਵੇਹਾ ਵਾਰ ਬਹੁੜਿ ਨ ਹੋਵੀ ਜਨਮੜਾ॥"

ਗੁਰਤੇਜ ਸਿੰਘ

✪✪✪✪✪

## ਗੁਰੂ ਨਾਨਕ ਮਿਸ਼ਨ ਤੇ ਸਿੱਖੀ ਦੀ ਅਜੋਕੀ ਦਸ਼ਾ

**'ਸਿੱਖ ਬੁਲੇਟਿਨ' (ਅੰਗ੍ਰੇਜ਼ੀ), ਅਮਰੀਕਾ ਦੀ ਸੰਪਾਦਕੀ**

ਗੁਰੂ ਨਾਨਕ ਸਾਹਿਬ ਕੇਵਲ ਇੱਕ ਮਹਾਨ ਗੁਰੂ ਹੀ ਨਹੀਂ ਸਨ ਬਲਕਿ ਇੱਕ ਮਹਾਨ ਮਿਸ਼ਨਰੀ ਵੀ ਸਨ। ਓਸ ਸਮੇਂ ਜਦੋਂ ਆਵਾਜਾਈ ਦੇ ਆਰਾਮਦਾਇਕ ਅਤੇ ਤੇਜ਼-ਰਫਤਾਰ ਸਾਧਨ ਨਹੀਂ ਸਨ ਅਤੇ ਪ੍ਰਚਾਰ-ਸਾਧਨਾਂ (ਮੀਡੀਆ) ਦੀ ਕੋਈ ਹੋਂਦ ਨਹੀਂ ਸੀ, ਗੁਰੂ ਸਾਹਿਬ ਨੇ ਵੱਧ ਤੋਂ ਵੱਧ ਲੋਕਾਈ ਨੂੰ ਵੱਧ ਤੋਂ ਵੱਧ ਪ੍ਰਭਾਵਤ ਕਰਨ ਹਿਤ ਹਿੰਦੂ ਅਤੇ ਮੁਸਲਿਮ ਤੀਰਥ-ਅਸਥਾਨਾਂ 'ਤੇ ਵਿਚਰਨ ਦੀ ਰਣਨੀਤੀ ਚਿਤਵੀ। ਚੇਤੰਨ ਜਗਿਆਸੂ ਆਕਰਸ਼ਿਤ ਕਰਨ ਹਿਤ ਉਨ੍ਹਾਂ ਨੇ ਯਾਤਰੂਆਂ ਨੂੰ ਆਪਣੇ ਅਸਾਧਾਰਨ ਵਿਹਾਰ ਪ੍ਰਤੀ ਉਤਸੁਕ ਕਰਨ ਲਈ ਵੀ ਨਿਵੇਕਲਾ ਢੰਗ ਅਪਨਾਇਆ। ਇਹਨਾਂ ਵਿੱਚੋਂ ਬਹੁਤ ਸਾਰੇ ਉਹਨਾਂ ਦੇ ਅਨੁਯਾਈ ਬਣ ਗਏ ਜਿਨਾਂ ਲਈ ਉਨ੍ਹਾਂ ਨੇ ਆਪਣੀਆਂ ਉਦਾਸੀਆਂ ਵਾਲੇ ਮਾਰਗਾਂ ਉੱਤੇ ਧਰਮਸਾਲਾਵਾਂ ਦੀ ਇੱਕ ਲੜੀ ਸਥਾਪਤ ਕਰ ਦਿੱਤੀ।

ਗੁਰੂ ਨਾਨਕ ਸਾਹਿਬ ਨੇ ਵੱਖ-ਵੱਖ ਹਿੰਦੂ ਤੇ ਮੁਸਿਲਮ ਧਰਮ-ਅਸਥਾਨਾਂ 'ਤੇ ਪਹੁੰਚ ਕੇ ਭੋਲੀ ਜਨਤਾ ਨੂੰ ਗੁੰਮਰਾਹ ਕਰਦੇ ਅਤੇ ਉਸ ਦਾ ਮਾਸ ਨੋਚਦੇ ਪੁਜਾਰੀਆਂ ਅਤੇ ਕਾਜ਼ੀਆਂ ਦਾ ਪਾਜ ਉਘੇੜਿਆ। ਪਾਜ ਉਘੇੜਨਾ ਹੀ ਸਾਡੇ ਅਜੋਕੇ ਅਖੌਤੀ ਜਥੇਦਾਰਾਂ ਪ੍ਰਤੀ ਕੀਤੇ ਜਾਣ ਵਾਲਾ ਅਸਲ ਲੁੜੀਂਦਾ ਕੰਮ ਹੈ ਜਿਹੜੇ ਕਿ ਅਕਸਰ, ਖ਼ਾਸ ਕਰ ਇਸ ਵਰ੍ਹੇ 400 ਸਾਲਾ ਉਤਸਵ ਦੇ ਬਹਾਨੇ, ਸੰਸਾਰ-ਯਾਤਰਾ 'ਤੇ ਚੜ੍ਹੇ ਰਹਿੰਦੇ ਹਨ। ਇਨ੍ਹਾਂ ਦੀਆਂ ਯਾਤਰਾਵਾਂ ਦਾ ਅਸਲ ਨਤੀਜਾ ਗੁਰਮਤਿ ਪ੍ਰਚਾਰ ਵਿੱਚ ਨਹੀਂ ਸਗੋਂ ਪਰਵਾਸੀ ਸਿੱਖ ਭਾਈਚਾਰੇ ਦਰਮਿਆਨ ਫੁੱਟ ਪੈਣ ਦੇ ਰੁਝਾਨ ਵਿੱਚ ਵਾਧਾ ਹੋਣ ਦੇ ਰੂਪ 'ਚ ਨਿਕਲਦਾ ਹੈ ਕਿਉਂਕਿ ਇਹਨਾਂ ਨੂੰ ਸੱਦਣ ਵਾਲੇ ਅਤੇ ਮਿਲਣ-ਗਿਲਣ ਵਾਲੇ ਸ਼ਖ਼ਸ ਗ਼ਲਤ ਹਨ। ਕੋਈ ਸੂਝਵਾਨ ਸਿੱਖ ਕਿਉਂ ਅਜੇਹਿਆਂ ਨੂੰ ਵਿਦੇਸ਼ ਬੁਲਾਏਗਾ ਜਿਹੜੇ 'ਜੁੱਗੋ-ਜੁੱਗ ਅਟੱਲ' ਅਤੇ ਫੁੱਟ-ਪਾਊ ਅਣਲੁੜੀਂਦੇ ਹੁਕਮਨਾਮੇ ਜਾਰੀ ਕਰਦੇ ਹਨ, ਗੁਰੂ ਸਾਹਿਬਾਂ ਨੂੰ ਲਵ-ਕੁਸ਼ ਦੀ ਉਲਾਦ ਗਰਦਾਨਣ ਵਾਲੇ ਬਿਆਨ ਦਾਗਦੇ ਹਨ ਅਤੇ ਅਖ਼ੌਤੀ ਦਸਮ ਗ੍ਰੰਥ ਦੇ ਆਲੋਚਕਾਂ ਦੀ ਆਵਾਜ਼ ਕੁਚਲਣ ਦੇ ਨਾਲ-ਨਾਲ ਇਸ ਨੂੰ ਉਚਿਆਉਣ ਵਾਲਿਆਂ ਨੂੰ ਇਸ ਦਾ ***ਪ੍ਰਚਾਰ*** ਪੂਰੀ ਗਰਮਜੋਸ਼ੀ ਨਾਲ ਜਾਰੀ ਰੱਖਣ ਦਾ ਲਾਇਸੰਸ ਦਿੰਦੇ ਹਨ।

ਜਦੋਂ ਗੁਰੂ ਨਾਨਕ ਸਾਹਿਬ ਹਿੰਦੂ ਤੀਰਥ-ਅਸਥਾਨਾਂ 'ਤੇ ਵਿਚਰੇ ਤਾਂ ਉਹਨਾਂ ਨੇ ਫੋਕਟ ਕਰਮ-ਕਾਂਡਾਂ ਦਾ ਵਿਰੋਧ ਕੀਤਾ ਅਤੇ ਪੁਜਾਰੀ ਸ਼੍ਰੇਣੀ ਦੇ ਦੰਭ ਅਤੇ ਕੂੜ ਨੂੰ ਨੰਗਿਆਂ ਕੀਤਾ। ਲੋਕਾਂ ਨੇ

ਉਹਨਾਂ ਨੂੰ ਸੁਣਿਆ 'ਤੇ ਉਹਨਾਂ ਦੇ ਮਗਰ ਲੱਗੇ। ਜਿਵੇਂ ਉਦੋਂ ਗੁਰੂ ਨਾਨਕ ਸਾਹਿਬ ਲਈ ਸਹੀ ਸਮਾਂ ਸੀ ਕਿ ਉਹ ਲੋਕਾਈ ਨੂੰ ਥੋਥੇ ਕਰਮ-ਕਾਂਡਾਂ ਤੋਂ ਛੁਟਕਾਰਾ ਦਿਵਾਉਣ, ਬਿਲਕੁਲ ਉਵੇਂ ਹੀ ਅੱਜ ਫਿਰ ਸਹੀ ਮੌਕਾ ਹੈ ਕਿ ਗੁਰੂ ਨਾਨਕ ਸਾਹਿਬ ਦੇ ਅਸਲ ਸੰਦੇਸ਼ ਨੂੰ ਸਮਝਿਆ ਤੇ ਪ੍ਰਚਾਰਿਆ ਜਾਵੇ ਕਿਉਂਕਿ ਅੱਜ ਉਹੀ ਕਰਮ-ਕਾਂਡ ਵੱਡੀ ਪੱਧਰ 'ਤੇ ਸਿੱਖੀ ਵਿੱਚ ਆ ਦਾਖਲ ਹੋਏ ਹਨ। ਏਹੋ ਨਿਸ਼ਾਨਾ ਮਿੱਥ ਕੇ **'ਸਿੰਘ ਸਭਾ ਇੰਟਰਨੈਸ਼ਨਲ'** ਹੋਂਦ ਵਿੱਚ ਆਈ ਹੈ। ਜੇਕਰ ਅਸੀਂ ਗੁਰੂ ਨਾਨਕ ਦੇ ਉਪਦੇਸ਼ਾਂ 'ਤੇ ਅਮਲ ਕਰਨ ਵੱਲ ਮੋੜਾ ਨਾ ਪਾਇਆ ਤਾਂ ਸਾਡਾ ਹਸ਼ਰ ਵੀ ਹੋਰਨਾਂ ਧਰਮਾਂ ਵਾਲਾ ਹੋਵੇਗਾ।

ਅਜੋਕੀ ਅਤੇ ਗੁਰੂ ਨਾਨਕ ਸਾਹਿਬ ਦੀ ਸਮਕਾਲੀ ਸਥਿਤੀ ਨੂੰ ਸਰਸਰੀ ਨਜ਼ਰੇ ਘੋਖਿਆਂ ਵੀ ਸਨਸਨੀਖੇਜ਼ ਪ੍ਰਗਟਾਵਾ ਸਾਹਮਣੇ ਆਉਂਦਾ ਹੈ। ਜਦੋਂ ਮੈਂ ਭਾਈ ਕਾਨ੍ਹ ਸਿੰਘ ਨਾਭਾ ਦੀ ਪੁਸਤਕ 'ਹਮ ਹਿੰਦੂ ਨਹੀਂ' ਪੜ੍ਹੀ ਤਾਂ ਮੈਨੂੰ ਇਹ ਜਾਣ ਕੇ ਸਦਮਾ ਪੁੱਜਾ ਕਿ ਏਸ ਪੁਸਤਕ ਦੀ ਰਚਨਾ ਤੋਂ ਕਰੀਬ ਸੌ ਸਾਲ ਪਿੱਛੋਂ ਦੇ ਸਮੇਂ ਦੌਰਾਨ ਵੀ ਕੇਵਲ ਇਹੀ ਨਹੀਂ ਕਿ ਅਸੀਂ ਸਿੱਖੀ ਜਾਂ ਸਿੱਖ-ਜੀਵਨ-ਜਾਚ ਨੂੰ ਵਿਕਸਤ ਕਰਨੋਂ ਉੱਕੇ ਹਾਂ ਬਲਕਿ ਅਸੀਂ ਉਨ੍ਹਾਂ ਖੱਡਾਂ ਵਿੱਚ ਮੁੜ ਜਾ ਡਿੱਗੇ ਹਾਂ ਜਿਨ੍ਹਾਂ ਵਿੱਚੋਂ ਸਾਨੂੰ ਗੁਰੂਆਂ ਨੇ ਬਾਹਰ ਕੱਢਿਆ ਸੀ। ਇਵੇਂ ਹੀ ਜੇ ਅਸੀਂ ਗੁਰੂ ਨਾਨਕ ਕਾਲ ਦੀ ਸਰਸਰੀ ਜਿਹੀ ਤੁਲਨਾ ਹੀ ਅਜੋਕੇ ਸਮੇਂ ਨਾਲ ਕਰੀਏ ਤਾਂ ਓਹੋ ਜੇਹੀ ਹੀ ਸਦਮਾਜਨਕ ਸਮਾਨਤਾ ਦੀ ਤਸਵੀਰ ਉੱਘੜ ਆਉਂਦੀ ਹੈ। ਕੇਵਲ ਪਾਤਰ ਹੀ ਬਦਲੇ ਹਨ।

ਆਪਣੀ ਪੁਸਤਕ 'ਨਾਨਕ, ਇੱਕ ਜਾਣ-ਪਛਾਣ' ਵਿੱਚ ਪੁਰਸ਼ੋਤਮ ਨਿਸ਼ਾਵਨ ਲਿਖਦਾ ਹੈ, '15ਵੀਂ ਸਦੀ ਦੌਰਾਨ ਭਾਰਤੀ ਸਮਾਜ ਘਿਰਣਾਯੋਗ ਕਰਮਕਾਂਡ, ਵਹਿਮ-ਭਰਮ, ਪੱਖਪਾਤ ਅਤੇ ਸਮਾਜਕ ਨਿਘਾਰ ਦੀ ਦਿਲ-ਕੰਬਾਊ ਤਸਵੀਰ ਸੀ। ਲਾਹੌਰ ਨੇੜਲੇ ਛੋਟੇ ਜੇਹੇ ਪਿੰਡ ਤਲਵੰਡੀ ਵਿਖੇ 1469 ਵਿੱਚ ਗੁਰੂ ਨਾਨਕ ਦਾ ਜਨਮਣਾ ਇੱਕ ਕ੍ਰਿਸ਼ਮੇ ਵਾਂਗ ਸੀ। ਨਿੱਘਰ ਰਹੇ ਭਾਰਤੀ ਸਮਾਜ ਨੂੰ ਹੁਣ ਇੱਕ ਮੁਕਤੀਦਾਤਾ ਪ੍ਰਾਪਤ ਹੋ ਚੁੱਕਾ ਸੀ।' ਅੱਜ ਸਥਿਤੀ ਕਿੰਨੀ ਕੁ ਭਿੰਨ ਹੈ ? ਕੀ ਅਸੀਂ ਕਰਮਕਾਂਡਾਂ, ਵਹਿਮਾਂ-ਭਰਮਾਂ, ਪੱਖਪਾਤ ਨੂੰ ਤਿਆਗ ਦਿੱਤਾ ਹੈ ? ਕੀ ਅਸੀਂ ਸਮਾਜਕ ਨਿਘਾਰ ਨੂੰ ਠੱਲ੍ਹ ਲਿਆ ਹੈ ? ਸੱਚੇ-ਸੁੱਚੇ ਜੀਵਨ ਮਾਰਗ (ਸੱਚ-ਆਚਾਰ) ਵਜੋਂ ਚਿਤਵੀ ਗਈ ਸਿੱਖੀ ਨੂੰ ਅੱਜ ਕਰਮ-ਕਾਂਡਾਂ ਨੇ ਉਵੇਂ ਹੀ ਜਕੜ ਲਿਆ ਹੈ ਜਿਵੇਂ ਗੁਰੂ ਨਾਨਕ ਦੇ ਸਮੇਂ ਹਿੰਦੂ-ਮੱਤ ਅਤੇ ਇਸਲਾਮ ਨੂੰ ਜਕੜਿਆ ਹੋਇਆ ਸੀ। ਸਾਨੂੰ ਦੱਸਿਆ ਜਾਂਦਾ ਹੈ ਕਿ ਜਦੋਂ ਗੁਰੂ ਨਾਨਕ ਵੇਈਂ ਨਦੀ ਵਿੱਚ ਜਾਂ ਉਸ ਤੋਂ ਪਾਰ ਅਲੋਪ ਰਹਿਣ ਉਪਰੰਤ ਪਰਤੇ ਤਾਂ ਉਨ੍ਹਾਂ ਆਪਣੇ ਸਰੋਤਿਆਂ ਨੂੰ ਜੋ ਪਹਿਲੇ ਸ਼ਬਦ ਸੁਣਾਏ ਉਹ ਸਨ, "ਨਾ ਮੈਂ ਹਿੰਦੂ ਨਾ ਮੁਸਲਮਾਨ"। ਜੇ ਅੱਜ ਗੁਰੂ ਨਾਨਕ ਮੁੜ ਪ੍ਰਗਟ ਹੋਣ ਤਾਂ ਕੀ ਉਹ ਆਪਣੇ ਕਥਨ ਇਉਂ ਦੁਹਰਾਉਣਗੇ, "ਨਾ ਮੈਂ ਹਿੰਦੂ ਨਾ ਮੁਸਲਮਾਨ, ਨਾ ਮੈਂ ਸਿੱਖ" ? ਉਨ੍ਹਾਂ ਪੰਡਤਾਂ ਨੂੰ ਜਨੇਊ ਅਤੇ ਕਾਜ਼ੀਆਂ ਨੂੰ ਪੰਜ- ਵਕਤੀ ਨਮਾਜ਼ ਦੇ ਅਸਲ ਮਕਸਦ ਬਾਰੇ ਪ੍ਰਵਚਨ ਸੁਣਾਏ। ਕੀ ਉਹ ਅੱਜ ਸਿੱਖ ਪੁਜਾਰੀਆਂ (ਮਹਾਨ ਅਤੇ ਨੀਵੇਂ), ਜਿਨ੍ਹਾਂ ਦਾ ਗੁਰੂ ਨਾਨਕ ਦੇ ਮੁੱਲ-ਪ੍ਰਬੰਧ ਵਿੱਚ ਕੋਈ ਵਜੂਦ ਤੱਕ ਨਾ ਹੁੰਦਾ, ਨੂੰ ਗਾਤਰੇ ਪਾਈ ਕ੍ਰਿਪਾਨ ਅਤੇ ਪੰਜ-ਬਾਣੀਆਂ ਦੇ ਅਸਲ ਮਹੱਤਵ ਸਬੰਧੀ ਉਪਦੇਸ਼ ਨਹੀਂ ਦੇਣਗੇ ? ਕੀ ਗੁਰੂ ਨਾਨਕ ਸਾਹਿਬ ਨੂੰ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਉਵੇਂ ਹੀ ਆਪਣੇ ਮਨ ਦੇ ਵਿਚਾਰ ਪ੍ਰਗਟਾਉਣ ਦੀ ਇਜਾਜ਼ਤ ਦਿੱਤੀ ਜਾਵੇਗੀ ਜਿਵੇਂ ਹਿੰਦੂ ਪੁਜਾਰੀਆਂ ਅਤੇ ਮੁਸਲਿਮ ਕਾਜ਼ੀਆਂ ਨੇ ਉਨ੍ਹਾਂ ਨੂੰ ਆਪਣੇ ਤੀਰਥਾਂ 'ਤੇ ਦਿੱਤੀ ਸੀ ? ਗੁਰਮਤਿ ਦੇ ਅਖ਼ੌਤੀ ਰਖਵਾਲਿਆਂ ਦੇ ਗੁਰਮਤਿ-ਵਿਰੋਧੀ ਅਮਲਾਂ ਅਤੇ ਫ਼ੈਸਲਿਆਂ 'ਤੇ ਕਿੰਤੂ ਕਰਨ ਦਾ ਹੀਆ ਕਰਨ ਵਾਲੇ ਕੁਝ ਕੁ ਬਹਾਦਰ ਗੁਰਸਿੱਖਾਂ ਨਾਲ ਦੁਰਵਿਹਾਰ ਕਰਨ ਵਾਲੇ ਸਿੱਖ 'ਮਹਾਂ ਪੁਜਾਰੀਆਂ' ਨੂੰ ਗੁਰੂ ਨਾਨਕ ਸਾਹਿਬ ਕੀ ਕਹਿਣਗੇ ? ਜਿਵੇਂ ਗੁਰੂ ਨਾਨਕ ਨੇ ਹਿੰਦੂਆਂ ਦੇ ਰਾਮ ਅਤੇ ਮੁਸਲਮਾਨਾਂ ਦੇ ਰਹੀਮ ਨੂੰ ਇੱਕੋ ਐਲਾਨਿਆ ਸੀ, ਅੱਜ ਮੁਸਲਮਾਨਾਂ ਦੇ ਅੱਲਾ ਅਤੇ ਈਸਾਈਆਂ ਦੇ ਲੌਰਡ (Lord) ਸਬੰਧੀ ਵੀ ਉਹ ਉਹੀ ਕੁਝ ਕਹਿਣਗੇ। ਗੁਰੂ ਨਾਨਕ ਸਾਹਿਬ ਦੇ ਵਿਸ਼ਵ-ਵਿਆਪੀ ਪੈਗਾਮ ਦੀ ਅੱਜ ਏਹੋ ਸਾਰਥਕਤਾ ਹੈ; ਏਹੋ ਗੁਰੂ ਨਾਨਕ ਦੇ ਅਕਾਲ ਪੁਰਖ ਦੀ ਵਿਲੱਖਣਤਾ ਹੈ।

ਹਰਦੇਵ ਸਿੰਘ ਸ਼ੇਰਗਿੱਲ

ਪੰਜਾਬੀ ਅਨੁਵਾਦ: ਪ੍ਰੋ. ਕੁਲਬੀਰ ਸਿੰਘ

## ਆਲਮੀ ਪਿੰਡ ਅਤੇ ਸਿੱਖ

**(ਸਤੰਬਰ-ਅਕਤੂਬਰ 2004 ਵਿੱਚ ਸਿੰਘ ਸਭਾ ਇੰਟਰਨੈਸ਼ਨਲ ਦੀ ਸਰਪ੍ਰਸਤੀ ਹੇਠ ਹੋਏ ਵਿਸ਼ਵ ਸਿੱਖ ਸੰਮੇਲਨਾਂ ਦੀ ਰਿਪੋਟ)**

ਸੰਨ 2001 ਵਿੱਚ ਜਦੋਂ ਮੈਂ ਸਦੀ ਦੇ ਚੌਥੇ ਹਿੱਸੇ ਮਗਰੋਂ ਪੰਜਾਬ 'ਚ ਮੁੜ ਫੇਰੀ ਪਾਈ ਤਾਂ ਮੈਂ ਆਪਣੇ-ਆਪ ਨੂੰ ਕੁਝ-ਕੁਝ ਓਪਰੇ ਮਾਹੌਲ ਵਿੱਚ ਪਾਇਆ। ਇਹ ਉਹ 'ਦੇਸ਼' ਨਹੀਂ ਸੀ ਜਿਸ ਨੂੰ ਮੈਂ ਜਾਣਦਾ ਸਾਂ। 'ਦੇਸ਼' ਸਿਰਲੇਖ ਹੇਠ 'ਸਿੱਖ ਬੁਲੇਟਿਨ' ਵਿੱਚ ਛਾਪੇ ਲੇਖ ਵਿੱਚ ਮੈਂ ਓਸ ਮਾਹੌਲ ਦੇ ਖੁੱਸਣ ਦਾ ਅਫ਼ਸੋਸ ਪ੍ਰਗਟ ਕੀਤਾ ਸੀ ਜੋ ਮੇਰੇ ਜੀਵਨ ਦੇ ਪਹਿਲੇ 25 ਵਰ੍ਹੇ ਦਾ ਹਿੱਸਾ ਰਿਹਾ ਸੀ। ਮੇਰੇ ਲਈ 'ਦੇਸ਼' ਮੇਰੇ ਮਾਪਿਆਂ ਦੇ ਘਰੋਗੀ ਜ਼ਿਲ੍ਹੇ ਜਲੰਧਰ ਅਤੇ ਹੁਸ਼ਿਆਰਪੁਰ ਸਨ। ਰਾਜਸਥਾਨ ਦਾ ਗੰਗਾਨਗਰ ਜ਼ਿਲ੍ਹਾ, ਜਿਸ ਨੂੰ ਅਸੀਂ ਘਰ

ਕਹਿੰਦੇ ਸਾਂ, ਪ੍ਰਦੇਸ਼ ਸੀ।

ਪ੍ਰੋ. ਗੁਰਤੇਜ ਸਿੰਘ ਨੇ ਅਤੇ ਮੈਂ ਪਿਛਲੇ ਦੋ ਮਹੀਨੇ ਵਿਦੇਸ਼ੀ ਸਿੱਖ ਭਾਈਚਾਰਿਆਂ ਵਿੱਚ ਵਿਚਰਦਿਆਂ ਸਾਰਾ ਸੰਸਾਰ ਘੁੰਮਿਆ ਹੈ। ਛੇ ਹਫ਼ਤਿਆਂ ਦੇ ਅੰਤਲੇ ਦਿਨੀਂ ਅਸੀਂ ਸਿੱਖਾਂ ਨੂੰ ਦਰਪੇਸ਼ ਮਸਲਿਆਂ 'ਤੇ ਸਿੰਘ ਸਭਾ ਇੰਟਰਨੈਸ਼ਨਲ ਵੱਲੋਂ ਪ੍ਰਯੋਜਿਤ ਛੇ ਵੱਡੀਆਂ ਕਾਨਫ਼ਰੰਸਾਂ ਵਿੱਚ ਮਿਲਾਕਾ (ਮਲੇਸੀਆ), ਸਿਡਨੀ (ਔਸਟ੍ਰੇਲੀਆ), ਟਰਾਂਟੋ (ਕਨੇਡਾ), ਫ਼ਿਲਾਡੈਲਫੀਆ (ਅਮਰੀਕਾ), ਲੰਡਨ (ਯੂ.ਕੇ.) ਅਤੇ ਚੰਡੀਗੜ੍ਹ (ਭਾਰਤ) ਵਿਖੇ ਹਿੱਸਾ ਲਿਆ ਅਤੇ ਕੰਮਕਾਜੀ ਦਿਨਾਂ ਦੌਰਾਨ ਪੰਜ ਛੋਟੀਆਂ ਕਾਨਫ਼ਰੰਸਾਂ ਵਿੱਚ ਕੁਆਲਾਲੰਪੁਰ (ਮਲੇਸ਼ੀਆ), ਬੈਂਕਾਕ (ਥਾਈਲੈਂਡ), ਐਬਟਸਫੋਰਡ (ਬ੍ਰਿਟਿਸ਼ ਕੋਲੰਬੀਆ), ਕੈਲਗਰੀ (ਅਲਬਰਟਾ, ਕਨੇਡਾ) ਅਤੇ ਰਿਚਮੰਡ (ਵਿਰਜੀਨੀਆ, ਅਮਰੀਕਾ) ਵਿਖੇ ਹਿੱਸਾ ਲਿਆ। ਅਸੀਂ ਜਿੰਨੇ ਵੀ ਦੇਸ਼ਾਂ ਵਿੱਚ ਗਏ ਉੱਥੇ ਇੱਕ ਗੱਲ ਬੜੀ ਪ੍ਰਤੱਖ ਸੀ ਕਿ ਜਿਸ ਜਗ੍ਹਾ ਨੂੰ ਵੀ ਸਿੱਖ ਪਰਿਵਾਰਾਂ ਨੇ ਆਪਣੇ ਵਸੇਬੇ ਲਈ ਚੁਣਿਆ ਹੈ ਉਹ ਉਨ੍ਹਾਂ ਲਈ 'ਦੇਸ਼' ਹੈ ਅਤੇ ਉਹ ਮੁਕੰਮਲ ਰੂਪ 'ਚ ਅਤੇ ਪੂਰੀ ਗਰਮਜੋਸ਼ੀ ਨਾਲ ਨਾ ਕੇਵਲ ਉੱਥੋਂ ਦੇ ਆਰਥਕ ਜੀਵਨ ਵਿੱਚ ਹੀ ਬਲਕਿ ਉੱਥੋਂ ਦੇ ਰਾਜਨੀਤਕ ਪ੍ਰਬੰਧਾਂ ਵਿੱਚ ਵੀ ਹਿੱਸੇਦਾਰ ਹਨ। ਕਨੇਡਾ ਨਾਲੋਂ ਵਧ ਕੇ ਪ੍ਰਤੱਖ ਮਿਸਾਲ ਹੋਰ ਕੀ ਹੋ ਸਕਦੀ ਹੈ ਜਿੱਥੇ 8 ਸਿੱਖ ਐਮ.ਪੀ. ਹਨ ਅਤੇ ਦੋ ਕੈਬਨਿਟ ਮੰਤਰੀ। ਸਿੱਖ ਭਾਰਤ ਵਾਂਗ ਹੀ ਕਨੇਡਾ ਦੀ ਜਨਸੰਖਿਆ ਦਾ 2 ਫੀਸਦੀ ਹਨ। ਕਨੇਡਾ ਵੀ ਦੋ-ਭਾਸ਼ਾਈ (ਅੰਗ੍ਰੇਜ਼ੀ ਅਤੇ ਫ਼ਰੈਂਚ) ਮੁਲਕ ਹੈ ਪਰ ਬ੍ਰਿਟਿਸ਼ ਕੋਲੰਬੀਆ ਵਿੱਚ ਅੰਗ੍ਰੇਜ਼ੀ ਤੋਂ ਬਾਅਦ ਦੂਜੀ ਭਾਸ਼ਾ ਪੰਜਾਬੀ ਹੈ। ਭਵਿੱਖ ਹੀ ਦੱਸੇਗਾ ਕਿ ਬ੍ਰਿਟਿਸ਼ ਕੋਲੰਬੀਆ ਵਿਚਲੀ ਸਿੱਖਾਂ ਦੀ ਨਵੀਂ ਪੀੜ੍ਹੀ ਇਸ ਮੌਕੇ ਦਾ ਭਰਪੂਰ ਲਾਭ ਉਠਾਉਂਦੀ ਹੈ ਜਾਂ ਨਹੀਂ?

ਅਸਟ੍ਰੇਲੀਅਨ ਸਰਕਾਰ ਵੀ ਬਹੁ-ਸਭਿਆਚਾਰਵਾਦ ਨੂੰ ਬੜ੍ਹਾਵਾ ਦੇਣ ਪ੍ਰਤੀ ਬਹੁਤ ਉਦਾਰ ਹੈ। ਉਹ ਘੱਟਗਿਣਤੀ ਭਾਈਚਾਰੇ ਦੀ ਸੰਖਿਆ ਦੇ ਅਨੁਪਾਤ ਅਨੁਸਾਰ ਜਨਤਕ ਟੈਲੀਵੀਜ਼ਨ ਦੀ ਮੁਫ਼ਤ ਵਰਤੋਂ ਦੀ ਖੁੱਲ੍ਹ ਦਿੰਦੀ ਹੈ। ਪਰ ਦੁੱਖਦਾਇਕ ਹੈ ਕਿ ਬਹੁਤ ਸਾਰੇ ਸਿੱਖ ਪਰਿਵਾਰ ਜਨਗਣਨਾ ਫਾਰਮ ਉੱਤੇ ਆਪਣੀ ਮਾਤਭਾਸ਼ਾ ਅੰਗ੍ਰੇਜ਼ੀ (ਪੰਜਾਬੀ ਨਹੀਂ) ਭਰ ਕੇ ਸਮੁੱਚੇ ਸਿੱਖ ਭਾਈਚਾਰੇ ਉੱਤੇ ਨੁਕਸਾਨਦੇਹ ਪ੍ਰਭਾਵ ਪਾਉਂਦੇ ਹਨ। ਸਿੱਖ ਮਾਨਸਿਕਤਾ 'ਚੋਂ 'ਦੇਸ਼' ਅਤੇ 'ਪਰਦੇਸ਼' ਦਾ ਅੰਤਰ ਮਿੱਟ ਚੁੱਕਾ ਹੈ। ਅਸੀਂ ਸੱਚਮੁੱਚ ਆਲਮੀ-ਪਿੰਡ (Global Village) ਦੇ ਸ਼ਹਿਰੀ ਬਣ ਗਏ ਹਾਂ। ਆਸਟ੍ਰੇਲੀਆ ਵਿੱਚ ਸਿਡਨੀ ਵਿਖੇ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉੱਥੋਂ ਦੇ ਭਾਈਚਾਰਕ ਸਬੰਧਾਂ ਦੇ ਕਮਿਸ਼ਨਰ (Community Relation Commissioner) ਸ੍ਰੀ ਸਟੈਪਨ ਕਰਕਿਆਸ਼ੇਰੀਅਨ ਨੇ ਕਿਹਾ, 'ਅੰਤ ਵਿੱਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਬਰਾਬਰੀ, ਪਰਉਪਕਾਰ ਅਤੇ ਦਇਆ ਰੂਪੀ ਬੁਨਿਆਦੀ ਸਿੱਖ ਕਦਰਾਂ-ਕੀਮਤਾਂ ਕਰੀਬ-ਕਰੀਬ ਬਹੁ-ਸੱਭਿਆਚਾਰਵਾਦ ਦੇ ਬੁਨਿਆਦੀ ਸਿਧਾਂਤਾਂ (ਭਿੰਨਤਾ ਨੂੰ ਪ੍ਰਵਾਨ ਕਰਨਾ ਤੇ ਇੱਕ-ਦੂਜੇ ਦੀ ਵੱਖਰਤਾ ਦਾ ਸਤਿਕਾਰ ਕਰਨਾ) ਦੇ ਸਮਾਨ ਹੀ ਹਨ। ਇਉਂ ਸਿੱਖ **ਬਹੁਸੱਭਿਆਚਾਰਕ ਨਿਊ ਸਾਊਥ ਵੇਲਜ਼** ਵਿਖੇ ਆਪਣੇ ਘਰ ਵਿੱਚ ਹੀ ਹਨ। ਮੈਂ ਤੁਹਾਡੀ ਕਾਨਫ਼ਰੰਸ ਦੇ ਉਪਜਾਊ ਅਤੇ ਸਫ਼ਲ ਹੋਣ ਦੀ ਕਾਮਨਾ ਕਰਦਾ ਹਾਂ।' 11 ਸਤੰਬਰ ਤੋਂ ਮਗਰਲੇ ਦੌਰ ਵਿੱਚ ਔਸਟ੍ਰੇਲੀਆ ਦੇ ਸਿੱਖਾਂ ਨੂੰ ਦਰਪੇਸ਼ ਚੁਣੌਤੀਆਂ ਦਾ ਜ਼ਿਕਰ ਕਰਦਿਆਂ ਉਸ ਨੇ ਟਿੱਪਣੀ ਕੀਤੀ, 'ਸਰਕਾਰ ਨੇ ਨਸਲੀ ਜਾਂ ਧਾਰਮਕ ਵਿਤਕਰੇ, ਬਦਸਲੂਕੀ ਜਾਂ ਪਰੇਸ਼ਾਨ ਕਰਨ ਵਰਗੀਆਂ ਘਟਨਾਵਾਂ ਨਾਲ ਸਿੱਝਣ ਲਈ ਵਿਧੀ-ਵਿਧਾਨ ਦਾ ਬਖ਼ੂਬੀ ਬੰਦੋਬਸਤ ਕਰ ਲਿਆ ਹੈ। ਅਜਿਹੇ ਮੰਦਭਾਗੇ ਹਾਲਾਤਾਂ ਨਾਲ ਸਿੱਝਣ ਲਈ ਤੁਹਾਡੀ ਜੇਹੀ ਕੌਂਸਲ ਦਾ ਹੋਣਾ ਲਾਜ਼ਮੀ ਹੈ। ਮੈਂ ਸਿੱਖ ਕੌਂਸਲ ਔਫ਼ ਔਸਟ੍ਰੇਲੀਆ ਨੂੰ ਏਸ ਮੋਹਰੀ ਸਥਾਨ 'ਤੇ ਸਥਾਪਤ ਹੋਣ ਲਈ ਅਤੇ ਨਿਊ ਸਾਊਥ ਵੇਲਜ਼ ਵਿਖੇ ਵਿਸ਼ਵ ਸਿੱਖ ਕਨਵੈਨਸ਼ਨ ਦੀ ਮੇਜ਼ਬਾਨੀ ਕਰ ਕੇ ਨਿਊ ਸਾਊਥ ਵੇਲਜ਼ ਨੂੰ ਵਿਸ਼ਵ ਸਿੱਖ ਭਾਈਚਾਰੇ ਦੇ ਸਨਮੁੱਖ ਅੰਤਰਰਾਸ਼ਟਰੀ ਪੱਧਰ 'ਤੇ ਉਭਾਰਨ ਬਦਲੇ ਵਧਾਈ ਦੇਂਦਾ ਹਾਂ।' ਸਾਨੂੰ ਇਹ ਜਾਣਕਾਰੀ ਦਿੰਦਿਆਂ ਖ਼ੁਸ਼ੀ ਹੋ ਰਹੀ ਹੈ ਕਿ ਕਨਵੈਨਸ਼ਨ ਦੇ ਸਿੱਧੇ ਨਤੀਜੇ ਵਜੋਂ ਨਾ ਕੇਵਲ ਔਸਟ੍ਰੇਲੀਆ ਦੀ ਸਿੱਖ ਕੌਂਸਲ ਨੇ ਸਿੰਘ ਸਭਾ ਇੰਟਰਨੈਸ਼ਨਲ ਦੀ ਸ਼ਾਖਾ ਸਥਾਪਤ ਕਰ ਲਈ ਹੈ ਸਗੋਂ ਕੌਂਸਲ ਨੂੰ ਔਸਟ੍ਰੇਲੀਆ ਅਤੇ ਨਿਊ ਸਾਊਥ ਵੇਲਜ਼ ਦੀਆਂ ਸਰਕਾਰਾਂ ਵੱਲੋਂ ਔਸਟ੍ਰੇਲੀਅਨ ਸਿੱਖਾਂ ਦੀ ਅਧਿਕਾਰਤ ਬੁਲਾਰਾ ਜਥੇਬੰਦੀ ਵਜੋਂ ਵੀ ਮਾਨਤਾ ਦਿੱਤੀ ਗਈ ਹੈ।

ਅਸੀਂ ਪੂਰੇ ਵਿਸ਼ਵ ਵਿੱਚ ਖਿੰਡੇ ਹੋਏ ਸਿੱਖ ਭਾਈਚਾਰੇ ਦੀ ਜਾਣਕਾਰੀ ਲਈ **'ਦ ਸਿੱਖ ਕੌਂਸਲਔਫ਼ ਔਸਟ੍ਰੇਲੀਆ'** ਦੇ ਨਿਸ਼ਾਨੇ ਅਤੇ ਮੰਤਵ ਹੇਠਾਂ ਦੇ ਰਹੇ ਤਾਂ ਜੋ ਅਜੇਹੀਆਂ ਸੰਸਥਾਵਾਂ ਦਾ ਨਿਰਮਾਣ ਉਨ੍ਹਾਂ ਦੇਸ਼ਾਂ ਵਿੱਚ ਵੀ ਹੋ ਸਕੇ ਜਿੱਥੇ ਹਾਲ ਦੀ ਘੜੀ ਇਨ੍ਹਾਂ ਦੀ ਘਾਟ ਹੈ।

1. ਸਿੱਖ ਧਰਮ, ਸਿੱਖ ਭਾਈਚਾਰੇ ਜਾਂ ਸਿੱਖ ਜਥੇਬੰਦੀਆਂ ਦੀ ਕਿਸੇ ਵੀ ਹੋਰ ਜਥੇਬੰਦੀ, ਵਿਅਕਤੀ, ਛਪਣ ਜਾਂ ਦ੍ਰਿਸ਼ ਮੀਡੀਆ ਵੱਲੋਂ ਕੀਤੀ ਗਈ ਨਿਖੇਧੀ-ਪੂਰਨ ਆਲੋਚਨਾ ਦੀ ਰੋਕਥਾਮ ਲਈ ਲੁੜੀਂਦੇ ਕਦਮ ਉਠਾਉਣੇ ਅਤੇ ਕਾਰਵਾਈ ਕਰਨੀ।
2. ਔਸਟ੍ਰੇਲੀਅਨ ਸਿੱਖ ਭਾਈਚਾਰੇ ਅਤੇ ਇਸ ਜਥੇਬੰਦੀਆਂ ਵਾਸਤੇ ਅਤੇ ਇਨ੍ਹਾਂ ਦੀ ਤਰਫ਼ੋਂ ਹੋਰਨਾਂ ਜਥੇਬੰਦੀਆਂ, ਸਥਾਨਕ, ਸੂਬਾਈ

ਜਾਂ ਫ਼ੈਡਰਲ ਗੌਰਮੈਂਟ ਨਾਲ ਤਾਲਮੇਲ ਰੱਖਣ ਅਤੇ ਗੱਲਬਾਤ ਕਰਨ ਲਈ ਪ੍ਰਮੁੱਖ ਜਥੇਬੰਦੀ ਵਜੋਂ ਕੰਮ ਕਰਨਾ।

3. ਸਿੱਖ ਭਾਈਚਾਰੇ ਜਾਂ ਸਿੱਖ ਜਥੇਬੰਦੀਆਂ ਨੂੰ ਪ੍ਰਭਾਵਤ ਕਰਦੇ ਮਸਲਿਆਂ ਸਬੰਧੀ ਸਰਕਾਰ, ਦ੍ਰਿਸ਼ ਅਤੇ ਇਲੈਕਟ੍ਰੌਨਿਕ ਮੀਡੀਆ ਕੋਲ ਨੁਮਾਇੰਦਗੀ ਕਰਨੀ।
4. ਸਿੱਖ ਭਾਈਚਾਰੇ ਤੇ ਸਿੱਖ ਜਥੇਬੰਦੀਆਂ ਨਾਲ ਜੁੜੇ ਅਤੇ ਇਨ੍ਹਾਂ ਨੂੰ ਪ੍ਰਭਾਵਤ ਕਰਦੇ ਮਸਲਿਆਂ ਨੂੰ ਵਿਚਾਰਨਾ ਅਤੇ ਸਰਕਾਰ ਨੂੰ ਸੁਝਾਅ ਦੇਣੇ ਅਤੇ ਸਿਫ਼ਾਰਸ਼ ਕਰਨੀ।
5. ਔਸਟ੍ਰੇਲੀਆ ਵਿਚਲੇ ਹੋਰਨਾਂ ਨਸਲੀ ਭਾਈਚਾਰਿਆਂ ਨਾਲ ਰਾਬਤਾ ਸਥਾਪਤ ਕਰਨਾ।
6. ਔਸਟ੍ਰੇਲੀਅਨ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਕਰਦੀਆਂ ਸਾਰੀਆਂ ਜਥੇਬੰਦੀਆਂ ਦੀ ਤਰਫੋਂ ਉਪਰੋਕਤ ਸਾਰਾ ਕੁਝ ਕਰਨਾ।

ਔਸਟ੍ਰੇਲੀਅਨ ਸਿੱਖ ਕੌਂਸਲ ਬਾਰੇ ਵਧੀਕ ਜਾਣਕਾਰੀ ਅਤੇ ਸਿਡਨੀ ਵਿਖੇ ਹੋਈ ਸਿੰਘ ਸਭਾ ਇੰਟਰਨੈਸ਼ਨਲ - ਵਿਸ਼ਵ ਸਿੱਖ ਕਨਵੈਨਸ਼ਨ ਦੀ ਰਿਪੋਟ ਕੌਂਸਲ ਦੀ ਵੈੱਬਸਾਈਟ www.geocities.com/sikhcouncilofaustralia ’ਤੇ ਉਪਲਬਧ ਹੈ।

ਜਿੱਥੇ-ਜਿੱਥੇ ਵੀ ਸੰਮੇਲਨ ਹੋਏ, ਉੱਥੇ ਸਥਾਨਕ ਸੰਗਤ ਨੇ ਆਪਣੇ ਨਾਲ ਜੁੜੇ ਮਸਲਿਆਂ ਅਤੇ ਨਾਲ ਹੀ ਸੰਸਾਰ ਪੱਧਰ ’ਤੇ ਸਮੁੱਚੇ ਸਿੱਖ ਭਾਈਚਾਰੇ ਨੂੰ ਪ੍ਰਭਾਵਤ ਕਰਨ ਵਾਲੇ ਮੁੱਦਿਆਂ ਨੂੰ ਵਿਚਾਰਿਆ ਅਤੇ ਮਤੇ ਪਾਸ ਕੀਤੇ। ਸਾਰੇ ਥਾਈਂ ਅਤਿ ਭਖਵੇਂ ਮੁੱਦਿਆਂ ਸਬੰਧੀ ਹੈਰਾਨਕੁੰਨ ਸਰਬਸੰਮਤੀ ਸੀ ਜਿਵੇਂ ਕਿ:

1. ਇੱਕੋ ਸਮੇਂ ਕਈ-ਕਈ ਅਖੰਡ ਪਾਠ ਕੀਤੇ ਜਾਣੇ।
2. ਕੀਤੇ-ਕਰਾਏ ਅਖੰਡ ਪਾਠ ਅਤੇ ਸਧਾਰਨ ਪਾਠ।
3. ਅਖੌਤੀ ਦਸਮ ਗ੍ਰੰਥ ਦਾ ਤਖ਼ਤ ਪਟਨਾ ਸਾਹਿਬ ਤੇ ਹਜ਼ੂਰ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਪ੍ਰਕਾਸ਼ ਕੀਤਾ ਜਾਣਾ।
4. ਔਰਤਾਂ ਨੂੰ ਦਰਬਾਰ ਸਾਹਿਬ ਵਿਖੇ ਕੀਰਤਨ ਅਤੇ ਹੋਰ ਸੇਵਾ ਸਬੰਧੀ ਬਰਾਬਰ ਹੱਕ ਦੇਣ ਤੋਂ ਨਾਂਹ ਕਰਨੀ।
5. ਅਖ਼ੌਤੀ ਸੰਤ ਬਾਬਿਆਂ ਅਤੇ ਉਨ੍ਹਾਂ ਦੇ ਕੁਕਰਮਾਂ ਦਾ ਫ਼ੈਲਣਾ।

ਇਸ ਤੋਂ ਇਲਾਵਾ ਹਰ ਭਾਈਚਾਰੇ ਨੇ ਖੇਤਰੀ ਅਤੇ ਸਮਾਂ-ਬੱਧ ਮਤਿਆਂ ਰਾਹੀਂ ਬਾਕੀ ਸਾਰਿਆਂ ਨਾਲ ਆਪਣੀਆਂ ਚਿੰਤਾਵਾਂ ਸਾਂਝੀਆਂ ਕੀਤੀਆਂ ਜਿਵੇਂ ਕਿ:

ਸਿੰਘ ਸਭਾ ਇੰਟਰਨੈਸ਼ਨਲ ਦੀ ਸ਼ਾਖਾ ਸਥਾਪਤ ਕਰਨ ਦਾ ਮਤਾ ਕੀਤਾ ਗਿਆ।

ਕਨੇਡਾ ਤੇ ਯੂ.ਕੇ. ਖੁੰਬਾਂ ਵਾਂਗ ਉੱਗ ਰਹੇ ਅਖੌਤੀ ਸਾਧਾਂ-ਸੰਤਾਂ ਦਾ ਨਿਸ਼ਾਨਾ ਅਤੇ ਸ਼ਿਕਾਰ ਹੋਣ ਕਾਰਣ ਉੱਥੋਂ ਦੀਆਂ ਕਾਨਫ਼ਰੰਸਾਂ ਨੇ ਸਿੱਖ ਸੰਗਤਾਂ ਨੂੰ ਇਹਨਾਂ ਤੋਂ ਦੂਰ ਰਹਿਣ ਦਾ ਸੁਨੇਹਾ ਦਿੱਤਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਹ ਘਾਤਕ ਬੁਰਾਈ ਖ਼ਤਮ ਕਰਨ ਲਈ ਸਰਗਰਮ ਰੋਲ ਅਦਾ ਕਰਨ ਦੀ ਬੇਨਤੀ ਕੀਤੀ।

ਕਨੇਡਾ ਵਿੱਚ ਉਚੇਚੇ ਤੌਰ ’ਤੇ ਟੋਰਾਂਟੋ ਤੋਂ ਛਪਦੇ ‘ਸਾਂਝ ਸਵੇਰਾ’ ਅਖ਼ਬਾਰ, ਓਂਟਾਰੀਓ ਖ਼ਾਲਸਾ ਦਰਬਾਰ ਅਤੇ ਉੱਥੋਂ ਦੀਆਂ ਹੋਰ ਧਾਰਮਕ ਜਥੇਬੰਦੀਆਂ ਵੱਲੋਂ ਇੱਕ ਸਾਧ ਦਾ ਫੋਟੋਆਂ ਸਮੇਤ ਨਾ ਛਾਪ ਕੇ ਪਾਜ ਉਘੇੜਨ ਦੇ ਯਤਨ ਦੀ ਸ਼ਲਾਘਾ ਹੋਈ। ਟਰਾਂਟੋ ਦੀ ਇਕੱਤਰ ਹੋਈ ਸੰਗਤ ਨੇ ਹੁਣ ਤੱਕ ਦੇ ਸਮੇਂ ’ਚ ਪਹਿਲੀ ਵਾਰ ਉਠਾਏ ਗਏ ਕਦਮ ਰਾਹੀਂ ਕਨੇਡਾ ਦੇ ਇੱਕ ਗੁਰਦੁਆਰੇ ਵਿੱਚ ਹਿੰਦੁਸਤਾਨ ਦਾ ਆਜ਼ਾਦੀ ਦਿਵਸ ਮਨਾਉਣ ਸਬੰਧੀ ਚਿੰਤਾ ਜ਼ਾਹਰ ਕਰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਅਜਿਹੀਆਂ ਹਰਕਤਾਂ ਤੋਂ ਪਰਹੇਜ਼ ਕਰਨ ਲਈ ਬੇਨਤੀ ਕੀਤੀ। ਸਿੱਖਾਂ ਦੀ ਸਿੱਖੀ ਦੇ ਖ਼ਰੇ ਉਪਦੇਸ਼ਾਂ ਅਨੁਸਾਰ ਰਾਹਨੁਮਾਈ ਦੀ ਲੋੜ ਨੂੰ ਪਛਾਣਦਿਆਂ ਅਤੇ ਅਜੇਹੀ ਅਗਵਾਈ ਲਈ ਕਿਸੇ ਕੇਂਦਰੀ ਸਿੱਖ ਜਥੇਬੰਦੀ ਦੀ ਅਣਹੋਂਦ ਸਦਕਾ, ਕਨੇਡਾ ਦੇ ਇਕੱਠਾਂ ਵਿੱਚ ਸਿੰਘ ਸਭਾ ਇੰਟਰਨੈਸ਼ਨਲ ਨੂੰ ਸਜੀਵ ਅਗਵਾਈ ਲਈ ਪ੍ਰਮੁੱਖ ਜਥੇਬੰਦੀ ਨਿਯਤ ਕਰਨ ਦਾ ਮਤਾ ਪਕਾਇਆ ਗਿਆ ਤੇ ਸੰਸਾਰ ਭਰ ਦੀਆਂ ਸਿੱਖ ਸੰਗਤਾਂ ਨੂੰ ਏਸ ਨੂੰ ਸਮਰਥਨ ਦੇਣ ਦੀ ਅਪੀਲ ਕੀਤੀ ਗਈ। ਯੂ.ਕੇ. ਅਤੇ ਕਨੇਡਾ ਦੇ ਜਿਹੜੇ ਡੈਲੀਗੇਟਾਂ ਨੇ ਪਿਛਲੇ ਵਰ੍ਹੇ ਰੋਜ਼ਵਿੱਲ (ਕੈਲੇਫ਼ੋਰਨੀਆ) ਵਿੱਚ ਸਿੰਘ ਸਭਾ ਇੰਟਰਨੈਸ਼ਨਲ ਦੀ ਕਾਨਫ਼ਰੰਸ ਵਿੱਚ ਸਿਰਕਤ ਕੀਤੀ ਸੀ, ਆਪਣੇ ਭਾਈਚਾਰੇ ’ਚ ਵਾਪਸ ਪਰਤ ਕੇ ਸਿੰਘ ਸਭਾ ਇੰਟਰਨੈਸ਼ਨਲ ਦੀਆਂ ਸ਼ਾਖਾਵਾਂ ਸਥਾਪਤ ਕਰ ਵੀ ਚੁੱਕੇ ਹਨ।

ਫ਼ਿਲਾਡੈਲਫ਼ੀਆ (ਅਮਰੀਕਾ) ਦੀ ਸੰਗਤ ਨੇ ਸਿੱਖ ਪ੍ਰਭੂਸੱਤਾ ਦੀ ਤੀਬਰ ਲੋੜ ਮਹਿਸੂਸ ਕੀਤੀ ਕਿਉਂਕਿ ਹਿੰਦ ਸਰਕਾਰ ਭਾਰਤੀ ਸੰਵਿਧਾਨ ਵਿੱਚ ਆਪਣੇ ਸਾਰੇ ਸ਼ਹਿਰੀਆਂ ਲਈ ਰਾਖਵੇਂ ਕੀਤੇ ਅਧਿਕਾਰ ਵੀ ਸਿੱਖਾਂ ਨੂੰ ਦੇਣ ਤੋਂ ਮੁੜ-ਮੁੜ ਮੁਨਕਰ ਹੋਈ ਹੈ। ਅਜੇਹੇ ਅਨੇਕਾਂ ਵਿੱਚੋਂ ਇੱਥੇ ਜ਼ਿਕਰਯੋਗ ਹਨ: ਬਰਾਬਰ ਦੀ ਕਾਨੂੰਨੀ ਸੁਰੱਖਿਆ ਦੀ ਅਣਹੋਂਦ ਅਤੇ ਪੰਜਾਬ ਦੇ ਦਰਿਆਈ ਪਾਣੀ ਦਾ ਮਸਲਾ ਜਿਸ ਸਬੰਧੀ ਅੰਤਰਰਾਸ਼ਟਰੀ ਪੱਧਰ ’ਤੇ ਪ੍ਰਵਾਨੇ ਗਏ ਰਾਈਪੇਰੀਅਨ ਸਿਧਾਂਤ, ਜੋ ਕਿ ਭਾਰਤੀ ਸੰਵਿਧਾਨ ਵਿੱਚ ਵੀ ਦਰਜ ਹਨ, ਦੇਸ਼ ਦੇ ਹੋਰ ਸਾਰੇ ਸੂਬਿਆਂ ’ਚ ਲਾਗੂ ਹਨ ਪਰ ਪੰਜਾਬ ਨੂੰ ਇਹਨਾਂ ਤੋਂ ਵਾਂਝਾ ਰੱਖਿਆ ਗਿਆ ਹੈ।

ਚੰਡੀਗੜ੍ਹ 'ਚ ਹੋਈ ਕਾਨਫ਼ਰੰਸ ਦੀਆਂ ਮੁੱਖ ਝਲਕੀਆਂ ਸਨ:

1. ਸ਼ਾਮਲ ਵਿਅਕਤੀਆਂ ਨੇ ਅਖੰਡ ਪਾਠ ਨਾ ਕਰਨ ਦਾ ਪ੍ਰਣ ਕੀਤਾ।
2. ਗੁਰੂ ਗ੍ਰੰਥ ਸਾਹਿਬ ਦਾ ਭੋਗ ਮੁੰਦਾਵਣੀ 'ਤੇ ਪਾਉਣ ਦਾ ਮਤਾ ਪਾਸ ਕੀਤਾ। ਗਿਆਨੀ ਗੁਰਦਿੱਤ ਸਿੰਘ ਨੂੰ ਖੋਜ ਭਰਪੂਰ ਪੁਸਤਕ ''ਮੁੰਦਾਵਣੀ'' ਰਚਨ ਬਦਲੇ ਸਿਰੋਪਾਓ ਨਾਲ ਸਨਮਾਨਤ ਕੀਤਾ ਗਿਆ ਜਿਸ ਰਾਹੀਂ ਉਨ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਭੋਗ ਮੁੰਦਾਵਣੀ ਹੋਵੇ ਜਾਂ ਰਾਗਮਾਲਾ ਉਪਰੰਤ, ਦਾ ਝਗੜਾ ਨਿਪਟਾ ਦਿੱਤਾ ਹੈ।
3. ਸ੍ਰ. ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਦੀ ਪੁਸਤਕ 'ਬਿਪਰਨ ਕੀ ਰੀਤ ਤੋਂ ਸੱਚ ਦਾ ਮਾਰਗ' ਭਾਗ 7ਵਾਂ ਹਰਦੇਵ ਸਿੰਘ ਸ਼ੇਰਗਿੱਲ ਨੇ ਰਿਲੀਜ਼ ਕੀਤੀ।

ਸਾਰੀਆਂ ਕਾਨਫ਼ਰੰਸਾਂ ਕੁਝ ਕੁ ਵਚਨਬੱਧ ਸਿੱਖਾਂ ਵੱਲੋਂ ਬਖ਼ੂਬੀ ਆਯੋਜਿਤ ਕੀਤੀਆਂ ਅਤੇ ਇਨ੍ਹਾਂ ਵਿੱਚ ਭਰਵੀਂ ਸ਼ਮੂਲੀਅਤ ਹੋਈ ਅਤੇ ਇਨ੍ਹਾਂ ਦੀ ਸ਼ਲਾਘਾ ਹੋਈ। ਇਹਨਾਂ ਸਾਰੀਆਂ ਵਿੱਚੋਂ ਜੋ ਵਿਲੱਖਣ ਗੱਲ ਹੋਈ ਤੇ ਜਿਸ ਦੇ ਨਕਸ਼ੇ-ਕਦਮਾਂ 'ਤੇ ਅਗਾਂਹ ਤੋਂ ਸਾਰੇ ਮੁਲਕਾਂ ਵਿਚਲੀਆਂ ਕਾਨਫ਼ਰੰਸਾਂ ਨੂੰ ਚਲਾਉਣਾ ਚਾਹੀਦਾ ਹੈ, ਉਹ ਸੀ ਸਿਡਨੀ (ਔਸਟ੍ਰੇਲੀਆ) ਦੀ ਦੋ ਦਿਨਾ ਕਨਵੈਨਸ਼ਨ ਵਿੱਚ ਇੱਕ ਦਿਨ (ਪਹਿਲੇ) ਯੂਥ ਫੋਰਮ ਨੂੰ ਮੰਚ ਮੁਹੱਈਆ ਕਰਨਾ ਦੇ ਦੂਜੇ ਦਿਨ ਵੂਮੈੱਨਜ਼ ਫੋਰਮ (ਸਿੱਖ ਬੀਬੀਆਂ) ਨੂੰ। ਇਹਨਾਂ ਦੋਹਾਂ (ਯੂਥ ਫੋਰਮ ਅਤੇ ਵੂਮੈੱਨਜ਼ ਫੋਰਮ) ਦਾ ਸੰਖੇਪ ਵੇਰਵਾ ਕਾਨਫ਼ਰੰਸਾਂ ਦੀ ਰਿਪੋਰਟ ਵਿੱਚ ਹੇਠਾਂ ਦਿੱਤਾ ਜਾ ਰਿਹਾ ਹੈ:

**ਯੂਥ ਫ਼ੋਰਮ:**

ਸ੍ਰ. ਸਤਵੰਤ ਸਿੰਘ ਨੇ ਫ਼ੋਰਮ ਦਾ ਸੰਚਾਲਨ ਕੀਤਾ ਜਿਸ ਵਿੱਚ ਬਹੁਤ ਸਾਰੇ ਨੌਜਵਾਨ ਲੜਕਿਆਂ ਅਤੇ ਲੜਕੀਆਂ ਨੇ ਹਿੱਸਾ ਲਿਆ, ਆਪਣੇ ਵਿਚਾਰ ਪੇਸ਼ ਕੀਤੇ ਅਤੇ ਆਪਣੇ ਤਜ਼ਰਬੇ ਸਾਂਝ ਕੀਤੇ। ਇਹ ਬਹੁਤ ਹੀ ਜਾਣਕਾਰੀ ਭਰਪੂਰ ਸੈਸ਼ਨ ਹੋ ਨਿੱਬੜਿਆ। ਨੌਜਵਾਨੀ ਨੂੰ ਪ੍ਰਭਾਵਤ ਕਰਨ ਵਾਲੇ ਮੁੱਦੇ ਉੱਭਰ ਕੇ ਸਾਹਮਣੇ ਆਏ ਜਿਵੇਂ ਕਿ ਉੱਥੋਂ ਦੇ ਬਹੁ-ਸੱਭਿਆਚਾਰਕ ਸਮਾਜ ਵਿੱਚ ਆਪਣੇ ਸਭਿਆਚਾਰਕ ਵਿਹਾਰ ਨਾਲ ਜੁੜੀਆਂ ਰਹੁ-ਰੀਤਾਂ ਨਿਭਾਉਂਦਿਆਂ ਅਤੇ ਸਕੂਲਾਂ ਜਾਂ ਹੋਰ ਜਨਤਕ ਥਾਂਵਾਂ 'ਤੇ ਪਟਕੇ ਜਾਂ ਪਗੜੀਆਂ ਬੰਨ੍ਹਣ ਤੋਂ ਨਸਲੀ ਆਧਾਰ 'ਤੇ ਉਨ੍ਹਾਂ ਨੂੰ ਮਾਰੇ ਜਾਂਦੇ ਤਾਅਨਿਆਂ ਅਤੇ ਹੁੰਦੇ ਵਿਤਕਰੇ ਨਾਲ ਸਿੱਝਦਿਆਂ ਪੇਸ਼ ਆਉਂਦੀਆਂ ਮੁਸ਼ਕਲਾਂ।

**ਵੂਮੈੱਨਜ਼ ਫ਼ੋਰਮ:**

ਦੂਸਰੇ ਦਿਨ ਬੀਬੀਆਂ ਦੇ ਵਿਚਾਰ-ਵਿਟਾਂਦਰੇ ਲਈ ਫ਼ੋਰਮ ਬਣਾਇਆ ਗਿਆ। ਕਈ ਬੀਬੀਆਂ ਨੇ ਏਸ ਵਿੱਚ ਹਿੱਸਾ ਲਿਆ ਅਤੇ ਔਰਤਾਂ ਨੂੰ ਦਰਪੇਸ਼ ਸਮੱਸਿਆਵਾਂ, ਜਿਵੇਂ ਕਿ ਔਰਤ ਅਤੇ ਹਿੰਸਾ, 'ਤੇ ਬਹਿਸ ਹੋਈ ਅਤੇ ਘਰੇਲੂ ਹਿੰਸਾ ਦੇ ਹੱਲ ਸੁਝਾਏ ਗਏ। ਬੀਬੀਆਂ ਦਾ ਸਭ ਤੋਂ ਮਨਪਸੰਦ ਮੁੱਦਾ 'ਬਰਾਬਰਤਾ' ਸੀ ਕਿਉਂਕਿ ਸਿੱਖੀ ਵਿੱਚ ਔਰਤ ਤੇ ਮਰਦ ਦਾ ਬਰਾਬਰ ਦਰਜਾ ਹੈ। ਇਹ ਰਾਇ ਉੱਭਰੀ ਕਿ ਬੀਬੀਆਂ ਨੂੰ ਮਹਿਜ਼ ਲੰਗਰ ਸਬ-ਕਮੇਟੀਆਂ ਦੀਆਂ ਮੈਂਬਰ ਲੈਣ ਤੋਂ ਇਲਾਵਾ ਬਾਕੀ ਗੁਰਦੁਆਰਾ ਪ੍ਰਬੰਧ ਵਿੱਚ ਵੀ ਹਿੱਸੇਦਾਰ ਬਣਾਇਆ ਜਾਵੇ।

ਅਸੀਂ ਦੋਵੇਂ, ਪ੍ਰੋ. ਗੁਰਤੇਜ ਸਿੰਘ ਤੇ ਮੈਂ, ਇਹਨਾਂ ਕਾਨਫ਼ਰੰਸਾਂ ਦੇ ਆਯੋਜਕਾਂ ਦੇ ਸਿੱਖ ਮਸਲਿਆਂ ਨਾਲ ਨਜਿੱਠਣ ਲਈ ਵਿਸ਼ਵ ਸਿੱਖ ਸੰਮੇਲਨਾਂ ਦੀ ਪਲੇਠੀ ਲੜੀ ਸੰਪੂਰਨ ਕਰਨ ਦੇ ਮਹਾਨ ਕਾਰਜ ਬਦਲੇ ਤਹਿ-ਦਿਲੋਂ ਧੰਨਵਾਦੀ ਹਾਂ। ਅਸੀਂ ਵਿਸ਼ੇਸ਼ ਤੌਰ 'ਤੇ ਕਨੇਡਾ ਤੇ ਯੂ.ਕੇ. ਦੇ ਪ੍ਰੈੱਸ, ਰੇਡੀਓ ਅਤੇ ਟੈਲੀਵਿਜ਼ਨ ਪ੍ਰਬੰਧਕਾਂ ਦੇ ਧੰਨਵਾਦੀ ਹਾਂ ਜਿਨ੍ਹਾਂ ਸਾਨੂੰ ਆਪਣੇ ਪਾਠਕਾਂ, ਦਰਸ਼ਕਾਂ ਤੇ ਸਰੋਤਿਆਂ ਨਾਲ ਚਿੰਤਾਵਾਂ ਅਤੇ ਇੱਛਾਵਾਂ ਸਾਂਝੀਆਂ ਕਰਨ ਦਾ ਮੌਕਾ ਮੁਹੱਈਆ ਕੀਤਾ। ਸਿੱਖਾਂ ਵਿੱਚ ਸੁਧਾਰ ਦੀ ਲੋੜ ਲਈ ਸਿੱਖ ਮੀਡੀਏ ਦਾ ਰੋਲ ਸਰਵੋਤਮ ਮਹੱਤਤਾ ਵਾਲਾ ਹੈ। ਇਹ ਸਭ ਦਾ ਸਾਂਝਾ ਹਿਤ ਵੀ ਹੈ ਕਿਉਂਕਿ ਵਰਤਮਾਨ ਪਾਠਕ ਤੇ ਸਰੋਤਾ ਵਰਗ ਅਤੇ ਗੁਰਦੁਆਰਿਆਂ ਦੀ ਸੰਗਤ ਵਿੱਚ ਬਹੁ-ਗਿਣਤੀ ਉਹਨਾਂ ਦੀ ਹੈ ਜਿਹੜੇ ਪੰਜਾਬ ਜਾਂ ਹਿੰਦੁਸਤਾਨ ਦੇ ਹੋਰਨਾਂ ਸੂਬਿਆਂ ਵਿੱਚ ਹੀ ਜਨਮੇ ਸਨ। ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡੀ ਨਵੀਂ ਪੀੜ੍ਹੀ ਸਾਡੇ ਸੱਭਿਆਚਾਰ ਅਤੇ ਗੁਰਬਾਣੀ ਨਾਲ ਜੁੜੀ ਰਹੇ ਤਾਂ ਸਾਡੇ ਗੁਰਦੁਆਰਿਆਂ ਵਿੱਚ ਐਤਵਾਰ ਦੇ ਅਤੇ ਹੋਰ ਪ੍ਰੋਗਰਾਮਾਂ ਵਿੱਚ ਕੁਝ ਬਹੁਤ ਹੀ ਅਹਿਮ ਤਬਦੀਲੀਆਂ ਦੀ ਲੋੜ ਹੈ। ਏਥੇ ਮੈਨੂੰ ਆਪਣੇ ਇੱਕ ਦੋਸਤ ਵੱਲੋਂ ਸੁਣਾਇਆ ਵਾਕਿਆਤ ਯਾਦ ਆ ਰਿਹਾ ਹੈ। ਉਸ ਦਾ ਇੱਕ ਅਮਰੀਕੀ ਦੋਸਤ ਉਸ ਦੇ ਨਾਲ ਦੱਖਣੀ ਕੈਲੇਫ਼ੋਰਨੀਆ ਦੇ ਇੱਕ ਗੁਰਦੁਆਰੇ 'ਚ ਗਿਆ। ਬਾਕੀਆਂ ਵਾਂਗ ਹੀ ਉਹ ਵੀ ਸਾਰੀਆਂ ਕਿਰਿਆਵਾਂ 'ਚੋਂ ਗੁਜ਼ਰਿਆ ਜਿਵੇਂ ਕਿ ਗੁਰੂ ਗ੍ਰੰਥ ਸਾਹਿਬ ਅੱਗੇ ਸਿਰ ਨਿਵਾਉਣਾ, ਕੀਰਤਨ ਅਤੇ ਹੁਕਮਨਾਮਾ ਸੁਣਨਾ, ਅਰਦਾਸ 'ਚ ਸ਼ਾਮਲ ਹੋਣਾ, ਕੜਾਹ ਪ੍ਰਸ਼ਾਦ ਲੈਣਾ ਅਤੇ ਲੰਗਰ ਛਕਣਾ। ਜਦੋਂ ਉਹ ਗੁਰਦੁਆਰਿਓਂ ਬਾਹਰ ਨਿਕਲ ਰਹੇ ਸਨ ਤਾਂ ਯੂਰਪੀ ਅਮਰੀਕਨ ਦੋਸਤ ਨੇ ਆਪਣੇ ਸਿੱਖ ਅਮਰੀਕਨ ਦੋਸਤ ਨੂੰ ਪੁਛਿਆ ਕਿ ਜੋ ਕੁਝ ਉਸ ਨੇ ਦੇਖਿਆ ਹੈ ਕੀ ਹਰ ਐਵਤਾਰ ਨੂੰ ਗੁਰਦੁਆਰੇ ਵਿੱਚ ਇਹੋ ਕੁਝ ਹੁੰਦਾ ਹੈ? 'ਹਾਂ' ਸੁਣਨ ਤੋਂ ਬਾਅਦ ਉਸ ਦਾ ਅਗਲਾ ਪ੍ਰਸ਼ਨ ਸੀ, ''ਤੁਸੀਂ ਆਪਣੇ ਧਰਮ-ਗ੍ਰੰਥ ਦੇ ਉਪਦੇਸ਼ ਅਤੇ ਆਪਣੇ ਸੱਭਿਆਚਾਰ ਪ੍ਰਤੀ ਆਪਣੇ ਬੱਚਿਆਂ (ਜਿਨ੍ਹਾਂ ਦੀ

ਸੰਗਤ ਵਿੱਚੋਂ ਗ਼ੈਰ-ਹਾਜ਼ਰੀ ਉਸ ਨੇ ਤਾੜ ਲਈ ਸੀ) ਨੂੰ ਕਿਵੇਂ ਸਿੱਖਿਅਤ ਕਰਦੇ ਹੋ?" ਪਾਠਕ ਸੱਜਣੋ ਇਹੋ ਪ੍ਰਸ਼ਨ ਮੈਂ ਤੁਹਾਨੂੰ ਪੁੱਛਦਾ ਹਾਂ।

ਚਲੋ, ਅਗਲੇ ਵਰ੍ਹੇ ਦੀਆਂ ਕਾਨਫ਼ਰੰਸਾਂ ਦੀ ਤਿਆਰੀ ਸ਼ੁਰੂ ਕਰੀਏ। ਅਗਲੀ ਵਾਰ ਯੂ.ਕੇ. ਦੀ ਸਿੰਘ ਸਭਾ ਇੰਟਰਨੈਸ਼ਨਲ ਇਸ ਲੜੀ ਦਾ ਆਰੰਭ ਉੱਥੋਂ ਕਰਨਾ ਚਾਹੁੰਦੀ ਹੈ। ਏਸ ਵਰ੍ਹੇ ਅਸੀਂ ਪੱਛਮ ਤੋਂ ਪੂਰਬ ਵੱਲ ਘੁੰਮੇ ਹਾਂ। ਕਿਉਂ ਨਾ ਅਗਲੇ ਵਰ੍ਹੇ ਚੱਕਰ ਉਲਟਾ ਦੇਈਏ ਅਤੇ ਪੂਰਬ ਤੋਂ ਪੱਛਮ ਵੱਲ ਚੱਲੀਏ। ਆਪਣੀਆਂ ਯੋਜਨਾਵਾਂ ਜਲਦੀ ਉਲੀਕੋ। ਇਨ੍ਹਾਂ ਕਾਨਫ਼ਰੰਸਾਂ 'ਚ ਸ਼ਿਰਕਤ ਕਰੋ ਅਤੇ ਏਸ ਅਦਭੁੱਤ ਆਲਮੀ-ਪਿੰਡ 'ਧਰਮੀ ਧਰਮਸਾਲ' 'ਤੇ ਫ਼ੈਲੇ ਹੋਏ ਆਪਣੇ ਮਿੱਤਰਾਂ (ਗੁਰਭਾਈਆਂ) ਤੇ ਪਰਿਵਾਰਾਂ ਨੂੰ ਮਿਲੋ।

ਹਰਦੇਵ ਸਿੰਘ ਸ਼ੇਰਗਿੱਲ

ਪੰਜਾਬੀ ਅਨੁਵਾਦ: ਪ੍ਰੋ. ਕੁਲਬੀਰ ਸਿੰਘ

ੴ ਸਤਿ ਗੁਰਪ੍ਰਸਾਦਿ

"ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ॥"

**SINGH SABHA INTERNATIONAL (U.K.)**

**26 MOULTON AVENUE, HOUNSLOW, MIDDLESEX, TW3 4LR**

**Tel. No. 07939922484**

**Date 14 -10-2004.**

10 ਅਕਤੂਬਰ 2004 ਦਿਨ ਐਤਵਾਰ ਸਵੇਰੇ 10:00 ਵਜੇ ਤੋਂ ਸ਼ਾਮ ਦੇ 04:00 ਵਜੇ ਤੱਕ ਸਿੰਘ ਸਭਾ ਇੰਟਰਨੈਸ਼ਨਲ (ਯੂ.ਕੇ.) ਵੱਲੋਂ ਵਿਸ਼ਵ ਸਿੱਖ ਕਾਨਫ਼ਰੰਸ Cranford Community College, High Street, Cranford,Middlesex ਵਿਖੇ ਕੀਤੀ ਗਈ ਜਿਸ ਵਿੱਚ ਯੂ.ਕੇ. ਦੇ ਵੱਖ ਵੱਖ ਸ਼ਹਿਰਾਂ ਤੋਂ ਇਲਾਵਾ ਭਾਰਤ, ਅਮਰੀਕਾ, ਅਸਟਰੇਲੀਆ, ਜਰਮਨੀ, ਕਨੇਡਾ ਆਦਿ ਦੇਸ਼ਾਂ ਵਿੱਚੋਂ ਵੀ ਡੈਲੀਗੇਟਾਂ ਨੇ ਬੜੇ ਉਤਸ਼ਾਹ ਪੂਰਬਕ ਪੰਥਕ ਵਿਚਾਰ ਵਟਾਂਦਰੇ ਵਿੱਚ ਯੋਗਦਾਨ ਪਾਇਆ। ਮਿਸਟਰ ਜੌਹਨ ਮੈਕਡੋਨਲ ਐਮ.ਪੀ. ਹੇਜ਼, ਸਰਦਾਰ ਦਲਬੀਰ ਸਿੰਘ ਚੀਮਾ ਮੇਅਰ ਹੰਸਲੋ ਅਤੇ ਕਈ ਕੌਂਸਲਰਾਂ ਨੇ ਵੀ ਹਾਜ਼ਰੀ ਭਰੀ। ਇਸ ਕਾਨਫ਼ਰੰਸ ਨੂੰ ਸੰਬੋਧਨ ਕਰਨ ਲਈ ਸਰਦਾਰ ਗੁਰਤੇਜ ਸਿੰਘ ਸਾਬਕਾ I.A.S ਚੰਡੀਗੜ੍ਹ ਤੋਂ, ਸਰਦਾਰ ਹਰਦੇਵ ਸਿੰਘ ਸ਼ੇਰਗਿੱਲ ਐਡੀਟਰ "ਸਿੱਖ ਬੁਲੇਟਿਨ" ਅਤੇ ਜਨਰਲ ਸਕੱਤਰ ਸਿੰਘ ਸਭਾ ਇੰਟਰਨੈਸ਼ਨਲ ਅਮਰੀਕਾ ਤੋਂ, ਸਰਦਾਰ ਗੁਰਦੇਵ ਸਿੰਘ ਕਨੇਡਾ ਤੋਂ ਅਤੇ ਸਰਦਾਰ ਜਸਵੀਰ ਸਿੰਘ "ਪੰਜਾਬ ਰੇਡੀਓ" ਵਾਲੇ ਉਚੇਚੇ ਤੌਰ 'ਤੇ ਪਹੁੰਚੇ। ਸਰਦਾਰ ਗੁਰਤੇਜ ਸਿੰਘ ਜੀ ਨੇ ਪੰਥਕ ਮਸਲਿਆਂ ਅਤੇ ਦਰਿਆਈ ਪਾਣੀਆਂ ਬਾਰੇ ਬੜੇ ਵਿਸਤਾਰ ਪੂਰਬਕ ਆਪਣੇ ਵਿਚਾਰ ਸਰੋਤਿਆਂ ਨਾਲ ਸਾਂਝੇ ਕੀਤੇ। ਡਾਕਟਰ ਹਰਦਿਆਲ ਸਿੰਘ ਡਰਬੀ ਵਾਲਿਆਂ ਨੇ ਅੰਗਰੇਜ਼ੀ ਵਿੱਚ "Guru Granth & Science" ਵਿਸ਼ੇ 'ਤੇ ਬੜਾ ਪ੍ਰਭਾਵਸ਼ਾਲੀ ਲੈਕਚਰ ਦਿੱਤਾ। ਇਸ ਸਮਾਗਮ ਵਿੱਚ ਸਰਬ ਸੰਮਤੀ ਨਾਲ ਕੁਝ ਧਾਰਮਕ ਅਤੇ ਸਮਾਜਕ ਮਤੇ ਪਾਸ ਕੀਤੇ ਗਏ। ਸਰਦਾਰ ਗੁਰਤੇਜ ਸਿੰਘ, ਹਰਦੇਵ ਸਿੰਘ, ਗੁਰਦੇਵ ਸਿੰਘ ਆਦਿ ਨੂੰ ਸਨਮਾਨਤ ਵੀ ਕੀਤਾ ਗਿਆ। ਮਹਿਮਨਾਂ ਦੀ ਸੇਵਾ ਚਾਹ ਪਾਣੀ ਅਤੇ ਭੋਜਨ ਨਾਲ ਕੀਤੀ ਗਈ ਅਤੇ ਗੁਰਮਤਿ ਸਬੰਧੀ ਮੁਫ਼ਤ ਕਿਤਾਬਚੇ ਵੀ ਵੰਡੇ ਗਏ।

ਜਾਰੀ ਕਰਤਾ

ਸੇਵਾ ਸਿੰਘ

ਜਨਰਲ ਸਕੱਤਰ

✪✪✪✪✪

## SINGH SABHA INTERNATIONAL CONFERENCES 2004

### Resolutions

### ਸਿੰਘ ਸਭਾ ਇੰਟਰਨੈਸ਼ਨਲ ਦੇ ਮਤੇ

## India

## ਦੂਸਰਾ ਵਿਸ਼ਵ ਸਿੱਖ ਸੰਮੇਲਨ

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ 30 ਏ, ਚੰਡੀਗੜ੍ਹ**

(16-17 **ਅਕਤੂਬਰ** 2004)

### ਮਤਾ ਨੰ. 1:

ਆਪਣੇ-ਆਪ ਨੂੰ ਸਿੱਖ ਜਾਣਨ ਵਾਲੇ ਹਰ ਵਿਅਕਤੀ ਲਈ ਇਹ ਨਿਸਚਾ ਲਾਜ਼ਮੀ ਹੈ ਕਿ ਗੁਰੂ ਗ੍ਰੰਥ ਸਾਹਿਬ ਸਾਡੇ ਜੁੱਗੋ-ਜੁੱਗ ਅਟੱਲ ਅਤੇ ਇੱਕੋ-ਇੱਕ ਗੁਰਗੱਦੀ ਪ੍ਰਾਪਤ ਸ਼ਬਦ-ਗੁਰੂ ਹਨ। ਦਸਵੇਂ ਨਾਨਕ ਦਾ ਏਸ ਨੂੰ ਇਉਂ ਜਾਣਨ ਸਬੰਧੀ ਹੁਕਮ ਸਿੱਖ ਅਕੀਦੇ ਦਾ ਅਟੁੱਟ ਅੰਗ ਹੈ ਅਤੇ ਦਸੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦਾ ਤੱਤਸਾਰ ਹੈ। ਸਿੱਖੀ ਦੇ ਦੁਸ਼ਮਣ ਅਤੇ ਸਿੱਖ ਪੰਥ ਦੀ ਤਬਾਹੀ ਲੋਚਣ ਵਾਲਿਆਂ ਨੇ

ਹਮੇਸ਼ਾ ਸਾਡੇ ਸਦੀਵੀ ਸ਼ਬਦ-ਗੁਰੂ ਦੇ ਰੁਤਬੇ ਅਤੇ ਮਹੱਤਵ ਨੂੰ ਢਾਅ ਲਾਉਣੀ ਚਾਹੀ ਹੈ।

ਅਜੋਕੇ ਦੌਰ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਵਿਰੁੱਧ ਅਤੇ ਦੇਹਧਾਰੀ ਗੁਰੂ ਦੇ ਹੱਕ ਵਿੱਚ ਮੁਹਿੰਮ ਦੀ ਸ਼ੁਰੂਆਤ ਰਬਿੰਦਰਨਾਥ ਟੈਗੋਰ ਨੇ ਕੀਤੀ ਸੀ ਜਿਹੜਾ ਪਹਿਲਾਂ-ਪਹਿਲ ਇੱਕ ਕੌਂਗਰਸੀ ਸਿਆਸਤਦਾਨ ਸੀ ਤੇ ਮਗਰੋਂ ਕੌਂਗਰਸ ਦਾ ਨੀਤੀਵੇਤਾ ਅਤੇ ਸਾਮਰਾਜਵਾਦ ਦਾ ਪ੍ਰਸੰਸਕ ਹੋਇਆ। ਸਿੱਖਾਂ ਵਿੱਚੋਂ ਖੰਡੇ-ਬਾਟੇ ਦੀ ਪਾਹੁਲ ਛਕਣ ਵਾਲਿਆਂ ਦੇ ਖ਼ਿਲਾਫ਼ ਜਿਹੜੀ ਸੋਚ ਪਿੱਛੋਂ ਜਾ ਕੇ ਵਿਆਪਕ ਮੁਹਿੰਮ ਦੇ ਰੂਪ ਵਿੱਚ ਸਾਹਮਣੇ ਆਈ, ਓਸ ਦਾ ਮੁੱਢ ਬੰਨ੍ਹਣ ਵਾਲਾ ਵੀ ਟੈਗੋਰ ਹੀ ਸੀ। ਉਸ ਦੀ ਧਾਰਨਾ, ਜਿਹੜੀ ਕਿ ਪਹਿਲੋਂ ਇੰਡੀਅਨ ਨੈਸ਼ਨਲ ਕੌਂਗਰਸ ਦੀ ਵਿਚਾਰਧਾਰਾ ਦਾ ਬੀਜ ਬਣੀ ਅਤੇ ਮਗਰੋਂ ਉੱਪਰੋਥਲ਼ੀ ਬਣੀਆਂ ਕੌਂਗਰਸ ਸਰਕਾਰਾਂ ਦੀ ਠੋਸ ਨੀਤੀ ਦਾ ਰੂਪ ਧਾਰ ਗਈ, ਇਹ ਸੀ ਕਿ ਸੁਤੰਤਰ ਭਾਰਤ ਵਿੱਚ ਸਥਾਪਤ ਕਰਨ ਯੋਗ ਗੌਰਵਮਈ ਸਿੱਖ ਸਮਾਜਕ ਮਾਡਲ ਨੂੰ ਸਫ਼ਾ-ਏ-ਹਸਤੀ ਤੋਂ ਮਿਟਾਇਆ ਜਾਵੇ। ਏਸੇ ਮੰਤਵ ਨੂੰ ਧਿਆਨ 'ਚ ਰੱਖਦਿਆਂ ਹੀ ਮੋਹਨਦਾਸ ਕਰਮਚੰਦ ਗਾਂਧੀ ਨੇ ਆਪਣੀਆਂ ਰੋਜ਼ਾਨਾ ਪ੍ਰਾਰਥਨਾ ਸਭਾਵਾਂ ਵਿੱਚ ਸਿੱਖਾਂ ਨੂੰ ਬਦਨਾਮ ਕਰਨ ਅਤੇ ਇਹਨਾਂ ਨੂੰ ਜ਼ਰਾਇਮ ਪੇਸ਼ਾ ਹਿੰਸਕ ਲੋਕਾਂ ਵਜੋਂ ਪ੍ਰਚਾਰਨ ਦੀ ਜ਼ਹਿਰੀਲੀ ਮੁਹਿੰਮ ਆਰੰਭੀ। ਇਹ ਤੀਖਣ ਹਮਲਾ ਕੇਵਲ ਓਸ ਦੀ ਮੌਤ ਨੇ ਹੀ ਠੱਲ੍ਹਿਆ। ਸਾਰੀ ਉਮਰ ਉਹ ਗੁਰੂ ਗ੍ਰੰਥ ਸਾਹਿਬ, ਗੁਰੂ ਗੋਬਿੰਦ ਸਿੰਘ, ਅੰਮ੍ਰਿਤ ਜਾਂ ਪਾਹੁਲ ਦੇ ਸਿੱਖ ਸੰਕਲਪ ਅਤੇ ਖ਼ਾਲਸਾ ਰਹਿਤ ਦੇ ਵਿਰੁੱਧ ਜ਼ਹਿਰ ਉੱਗਲਦਾ ਰਿਹਾ। ਉਦੋਂ ਤੋਂ ਇਹ ਜ਼ਹਿਰ ਹਿੰਦੁਸਤਾਨ ਦੀਆਂ ਤਕਰੀਬਨ ਸਾਰੀਆਂ ਰਾਜਸੀ ਪਾਰਟੀਆਂ ਦੀ ਵਿਚਾਰਧਾਰਾ ਅਤੇ ਜ਼ਿਆਦਾਤਰ ਸਿਆਸਤਦਾਨਾਂ ਦਾ ਅਕੀਦਾ ਬਣ ਗਿਆ ਹੈ ਤੇ ਹਿੰਦੁਸਤਾਨੀ ਫ਼ੌਜ ਦੇ ਸਰਕਾਰੀ ਦਸਤਾਵੇਜ਼ ਤੱਕ ਵਿੱਚ ਏਸ ਦਾ ਜ਼ਾਹਰਾ ਰੂਪ ਪ੍ਰਗਟ ਹੋਇਆ ਹੈ।

ਏਸ ਦੇ ਨਤੀਜੇ ਵਜੋਂ, ਇੱਕ ਜਾਂ ਦੂਜੇ ਢੰਗ ਨਾਲ, ਬੁਨਿਆਦੀ ਸਿੱਖ ਅਕੀਦੇ ਦਾ ਵਿਰੋਧ ਕਰਨ ਵਾਲੇ ਅਤੇ ਇਸ ਦੇ ਵਿਰੁੱਧ ਪ੍ਰਚਾਰ ਕਰਨ ਵਾਲੇ ਅਤੇ ਪਾਹੁਲ-ਪ੍ਰਾਪਤੀ ਪ੍ਰਤੀ ਨਿਰਉਤਸ਼ਾਹਤ ਕਰਨ ਵਾਲੇ ਸਾਰਿਆਂ ਨੂੰ ਹਿੰਦੁਸਤਾਨ 'ਚ ਸਰਕਾਰ ਬਣਾਉਣ ਵਾਲੀ ਹਰ ਪਾਰਟੀ ਨੇ ਸਮਰਥਨ ਦਿੱਤਾ ਹੈ। ਏਸ ਦਾ ਇੱਕ ਠੋਸ ਪ੍ਰਗਟਾਵਾ ਵੱਖ-ਵੱਖ ਸਰਕਾਰਾਂ ਵੱਲੋਂ ਅਨੈਤਿਕ ਅਤੇ ਅਨੈਤਿਕਤਾ ਵਿੱਚ ਗਲ਼-ਗਲ਼ ਤੱਕ ਧਸੇ ਮਨੁੱਖਾਂ ਨੂੰ 'ਦੇਹਧਾਰੀ ਗੁਰੂਆਂ, ਸੰਤਾਂ ਅਤੇ ਬਾਬਿਆਂ' ਵਜੋਂ ਸਥਾਪਤ ਹੋਣ ਲਈ ਵੱਡੇ ਪੱਧਰ 'ਤੇ ਦਿੱਤਾ ਜਾ ਰਿਹਾ ਸਮਰਥਨ ਹੈ। ਦੂਸਰਾ ਰੂਪ ਪਾਹੁਲ ਛਕਣ ਵਾਲਿਆਂ ਅਤੇ ਪਾਹੁਲ ਦੇ ਸੰਕਲਪ ਅਤੇ ਖ਼ਾਲਸਾ ਰਹਿਤ ਦੇ ਖ਼ਿਲਾਫ਼ ਵਿੱਢੀ ਗਈ ਵਿਆਪਕ ਅਣ-ਐਲਾਨੀ ਜੰਗ ਹੈ। ਤੀਸਰੇ ਰੂਪ 'ਚ, ਸਿੱਖਾਂ ਨੂੰ ਹਿੰਦੂ ਵਲਗਣ ਵਿੱਚ ਅਭੇਦ ਕਰਨ ਦੇ ਉਦੇਸ਼ ਤਹਿਤ ਅਖੌਤੀ ਦਸਮ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਦੇ ਬਦਲ ਵਜੋਂ ਉਭਾਰਨਾ ਹੈ। ਏਸ ਜੰਗ ਨੂੰ ਸਬੰਧਤ ਸ਼ਕਤੀਆਂ ਵਿਦੇਸ਼ਾਂ ਤੱਕ ਲੈ ਗਈਆਂ ਹਨ ਅਤੇ ਸਾਡੇ ਕੁਝ ਬਹੁਤ ਹੀ ਲਚਕੀਲੇ, ਡਾਵਾਂਡੋਲ ਅਤੇ ਸਿਰਗੁੰਮ ਭਰਾਵਾਂ ਅਤੇ ਕੁਝ ਸ਼ੱਕੀ ਹਾਰੀ-ਸਾਰੀ ਵਿਅਕਤੀਆਂ ਨੂੰ ਉਨ੍ਹਾਂ ਨੇ ਸਿੱਖੀ-ਵਿਰੋਧੀ ਇਸ ਹਮਲੇ ਦੇ ਮੋਹਰੀ ਬਣਾ ਲਿਆ ਹੈ।

ਏਸ ਹਕੀਕਤ ਦੀ ਪਛਾਣ ਕਰਨ ਦੀ ਢਿੱਲ ਹੀ ਇੱਕੋ-ਇੱਕ ਕਾਰਣ ਹੈ ਕਿ ਸਾਡੇ 'ਧਰਮ ਪ੍ਰਚਾਰ' ਦੇ ਯਤਨਾਂ ਨੂੰ ਉੱਕਾ ਕੋਈ ਫਲ਼ ਨਹੀਂ ਲੱਗ ਰਿਹਾ।

ਜਿੱਥੇ ਅੰਮ੍ਰਿਤਧਾਰੀ ਸਿੱਖਾਂ ਲਈ ਜ਼ਰੂਰੀ ਹੈ ਕਿ ਮਨੁੱਖੀ ਕਮਜ਼ੋਰੀਆਂ ਪ੍ਰਤੀ ਨਰਮੀ ਧਾਰਨ ਕਰਨ ਅਤੇ ਸਾਰੇ 'ਸਹਿਜਧਾਰੀ' ਭਰਾਵਾਂ ਨੂੰ ਪੂਰੀ ਤਰ੍ਹਾਂ ਯੋਗ ਮਾਨ-ਸਨਮਾਨ ਦੇਣ ਅਤੇ ਉਨ੍ਹਾਂ ਨੂੰ ਆਪਣੇ ਧਰਮ ਪ੍ਰਤੀ ਬਰਾਬਰ ਚਿੰਤਾਤੁਰ ਸਮਝਣ ਉੱਥੇ ਗ਼ੈਰ-ਅੰਮ੍ਰਿਤਧਾਰੀਆਂ ਲਈ ਵੀ ਲਾਜ਼ਮੀ ਹੈ ਕਿ ਉਹ ਖ਼ਾਲਸਾ ਸਰੂਪ ਅਤੇ ਰਹਿਤ ਪ੍ਰਤੀ ਸ਼ਰਧਾ ਰੱਖਣ ਜਿਸ ਨੂੰ ਕਿ ਗੁਰੂ ਸਾਹਿਬਾਨ ਨੇ ਮਨੁੱਖ ਦੇ ਰੂਹਾਨੀ ਵਿਕਾਸ ਦੇ ਆਦਰਸ਼ ਵਜੋਂ ਸਥਾਪਤ ਕੀਤਾ ਹੈ। ਇਹ ਸਵੈ-ਸਿੱਧ ਸੱਚਾਈ, ਕਿ ਦਸਵੇਂ ਪਾਤਸ਼ਾਹ ਦਾ ਖ਼ਾਲਸਾ ਗੁਰੂ ਗ੍ਰੰਥ ਦਾ ਆਦਰਸ਼ਕ ਮਨੁੱਖ ਹੈ ਅਤੇ ਦਸੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦਾ ਸਾਖਸ਼ਾਤ ਰੂਪ ਹੈ, ਪੰਥ ਵਿੱਚ ਸ਼ਾਮਲ ਸਾਰੀਆਂ ਇਕਾਈਆਂ ਦਰਮਿਆਨ ਵਿਸ਼ਵ ਪੱਧਰ 'ਤੇ ਦ੍ਰਿੜ੍ਹ ਹੋਣੀ ਚਾਹੀਦੀ ਹੈ। ਇਹ ਆਮ ਸਰਬਸੰਮਤੀ ਪਹਿਲੀਆਂ ਸਦੀਆ ਵਿੱਚ ਕਾਇਮ ਰਹੀ ਹੈ ਅਤੇ ਵਰਤਮਾਨ ਵਿੱਚ ਵੀ ਅਵੱਸ਼ ਪੁਨਰ-ਸੁਰਜੀਤ ਹੋਣੀ ਚਾਹੀਦੀ ਹੈ।

ਆਪਣੇ-ਆਪ ਨੂੰ ਸਿੱਖ ਜਾਣਨ ਵਾਲੇ ਸਾਰਿਆਂ ਦਾ ਏਸ ਭਾਵਨਾ ਪ੍ਰਤੀ ਸਮਰਪਤ ਹੋਣਾ ਲਾਜ਼ਮੀ ਹੈ ਅਤੇ ਹਰ ਤਰ੍ਹਾਂ ਦੇ ਫੋਕਟ, ਵਹਿਮ-ਭਰਮ ਅਤੇ ਕਰਮ-ਕਾਂਡ ਨੂੰ ਤਿਆਗ ਕੇ ਸਾਡੇ ਵਾਹਿਦ ਗੁਰੂ ਗ੍ਰੰਥ ਸਾਹਿਬ ਵਿੱਚ ਸੁਭਾਇਮਾਨ ਬਾਕਮਾਲ ਰੂਹਾਨੀ ਸੱਚ ਨੂੰ ਪ੍ਰਚਾਰਨ, ਪ੍ਰਸਾਰਨ ਅਤੇ ਪ੍ਰਫੁੱਲਤ ਕਰਨ ਦੇ ਹੰਭਲੇ ਵਿੱਚ ਜੁਟਣਾ ਨਿਹਾਇਤ ਜ਼ਰੂਰੀ ਹੈ। ਸਿੱਖੀ ਦੀ ਹੋਂਦ ਨੂੰ ਸਦੀਵੀ ਕਾਇਮ ਰੱਖਣ ਲਈ ਜ਼ਰੂਰੀ ਜਾਣ ਕੇ ਸਾਨੂੰ ਸਾਰਿਆਂ ਨੂੰ ਏਸ ਬੁਨਿਆਦੀ ਯਤਨ ਵਿੱਚ ਇੱਕਮੁੱਠ ਹੋਣਾ ਚਾਹੀਦਾ ਹੈ।

ਏਸ ਸ਼ਲਾਘਾਯੋਗ ਮੰਤਵ ਦੀ ਪੂਰਤੀ ਲਈ ਸਾਨੂੰ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਨੂੰ ਸੰਸਾਰ ਦੀ ਹਰ ਇੱਕ ਬੋਲੀ ਵਿੱਚ, ਸਭ ਵੰਨਗੀਆਂ ਦੇ ਲੋਕਾਂ ਤੱਕ ਅੱਪੜਦਾ ਕਰਨ ਲਈ ਸੰਸਥਾਵਾਂ ਦਾ

ਨਿਰਮਾਣ ਕਰਨਾ ਚਾਹੀਦਾ ਹੈ। ਸਾਨੂੰ ਪੂਰੇ ਜੋਸ਼ ਨਾਲ ਆਪਣੇ ਸਮਾਜ, ਜਿਸ ਵਿੱਚ ਲਚਕੀਲੇ, ਡਾਵਾਂਡੋਲ ਸਹਿਜਧਾਰੀ ਅਤੇ ਪਰਪੱਕ ਰਹਿਤਵਾਨ ਸ਼ਾਮਲ ਹਨ, ਦੀ ਇੱਕਮੁੱਠਤਾ ਬਹਾਲ ਕਰਨੀ ਚਾਹੀਦੀ ਹੈ। ਸਾਰਿਆਂ ਨੂੰ ਗੁਰੂ ਸਾਹਿਬ ਦੇ ਹੁਕਮਾਂ ਅਨੁਸਾਰ ਮਨੁੱਖਤਾ ਦੀ ਸੇਵਾ ਦੇ ਯਤਨਾਂ ਵਿੱਚ ਸਹਿਯੋਗ ਕਰਨਾ ਚਾਹੀਦਾ ਹੈ। ਸਾਡਾ ਇੱਕੋ-ਇੱਕ ਨਿਸ਼ਾਨਾ ਸੱਚੇ ਪਾਤਸ਼ਾਹ ਦੇ ਮਹਾਨ ਆਦਰਸ਼ਾਂ ਅਤੇ ਪ੍ਰੰਪਰਾਵਾਂ ਨੂੰ ਹਰ ਜਗਿਆਸੂ ਤੱਕ ਪਹੁੰਚਾਉਣ ਦਾ ਹੋਣਾ ਚਾਹੀਦਾ ਹੈ ਤਾਂ ਜੁ ਇਹ ਸੰਸਾਰ ਹਕੀਕਤ ਵਿੱਚ ਖ਼ੁਸ਼ੀਆ-ਖੇੜਿਆਂ ਭਰਪੂਰ ਬਗੀਚਾ ਬਣ ਸਕੇ।

ਸਭੁ ਤਨੁ ਮਨੁ ਹਰਿਆ ਹੋਇਆ ਮਨੁ ਖਿੜਿਆ ਹਰਿਆ ਬਾਗੁ ॥<br>
ਅਗਿਆਨੁ ਅੰਧੇਰਾ ਮਿਟਿ ਗਇਆ ਗੁਰ ਚਾਨਣੁ ਗਿਆਨੁ ਚਰਾਗੁ॥<br>
(ਗੁਰੂ ਗ੍ਰੰਥ, 849)

## ਮਤਾ ਨੰ. 2:

ਪੰਜਾਬ ਦੇ ਦਰਿਆਈ ਪਾਣੀਆਂ ਨਾਲ ਸਬੰਧਤ ਵੱਖ-ਵੱਖ ਕਾਨੂੰਨੀ ਵਿਵਸਥਾਵਾਂ ਨੂੰ ਘੋਖਣ ਉਪਰੰਤ ਅਸੀਂ ਜਾਣਦੇ ਹਾਂ ਕਿ ਇਹ ਸੁਧਾ ਲਾਕਾਨੂੰਨੀ ਅਤੇ ਹਿੰਦੁਸਤਾਨ ਦੇ ਲਿਖਤੀ ਸੰਵਿਧਾਨ ਦੀ ਘੋਰ ਉਲੰਘਣਾ ਹੈ ਜਿਸ ਤਹਿਤ ਰਾਵੀ, ਬਿਆਸ ਅਤੇ ਸਤਲੁਜ ਦਾ ਪਾਣੀ ਸੂਬੇ ਤੋਂ ਬਾਹਰ ਰਾਜਸਥਾਨ, ਹਰਿਆਣਾ ਅਤੇ ਦਿੱਲੀ ਦੇ ਗੁਆਂਢੀ ਰਾਜਾਂ ਨੂੰ ਲਿਜਾਇਆ ਜਾ ਰਿਹਾ ਹੈ। ਇਹ ਸੰਸਾਰ ਦੇ ਪ੍ਰਮੁੱਖ ਸੰਘਾਂ ਦੇ ਸੰਵਿਧਾਨਾਂ, ਰਾਈਪੇਰੀਅਨ ਸਿਧਾਂਤਾਂ, ਹੇਲਸਿੰਕੀ ਕਾਨੂੰਨ, ਇੰਗਲੈਂਡ (ਯੂ.ਕੇ) ਦੇ ਕੌਮਨ ਕਾਨੂੰਨ ਅਤੇ ਸੰਯੁਕਤ ਰਾਸ਼ਟਰ ਸੰਘ ਦੀ ਦੇਖ-ਰੇਖ ਹੇਠ ਮੈਂਬਰ ਦੇਸ਼ਾਂ ਦੁਆਰਾ ਸਵੈ-ਇੱਛਾਪੂਰਵਕ ਪ੍ਰਵਾਣ ਕੀਤੇ ਗਏ ਸਮਝੌਤਿਆਂ ਦਾ ਵੀ ਉਲੰਘਣ ਹੈ।

ਸੰਮੇਲਨ ਹਿੰਦ ਸਰਕਾਰ ਵੱਲੋਂ ਸੁਪਰੀਮ ਕੋਰਟ ਤੋਂ ਰਾਇ ਲੈਣ ਲਈ ਅਧੂਰੇ ਨੁਕਤੇ ਪੇਸ਼ ਕਰਨ 'ਤੇ ਨਾਰਾਜ਼ਗੀ ਪ੍ਰਗਟ ਕਰਦਾ ਹੈ। ਸਰਕਾਰ ਨੂੰ ਪੰਜਾਬ ਪੁਨਰਗਠਨ ਐਕਟ ਦੀ 78, 79 ਤੇ 80 ਧਾਰਾ ਸਬੰਧੀ ਅਤੇ ਅੰਤਰਰਾਜੀ ਦਰਿਆ ਜਲ ਵਿਵਾਦ ਐਕਟ ਵਿੱਚ 1986 'ਚ ਸੋਧ ਦੇ ਕਾਨੂੰਨੀ ਰੁਤਬੇ ਸਬੰਧੀ ਵੀ ਸੁਪਰੀਮ ਕੋਰਟ ਤੋਂ ਰਾਇ ਮੰਗਣੀ ਚਾਹੀਦੀ ਹੈ।

ਪੰਜਾਬ ਦੇ ਦਰਿਆਈ ਪਾਣੀ ਪ੍ਰਤੀ 1947 ਤੋਂ ਮਗਰਲੇ ਹਿੰਦੁਸਤਾਨ ਦੇ ਮੁਹਤਬਰ ਰਾਜ-ਨੇਤਾਵਾਂ ਦੇ ਰਵੱਈਏ ਨੂੰ ਵਿਸ਼ਲੇਸ਼ਣਾਤਮਕ ਨਜ਼ਰੀਏ ਤੋਂ ਘੋਖਿਆਂ ਅਤੇ ਪਾਣੀ ਦੇ ਮੁੱਦੇ ਸਬੰਧੀ ਨਿਆਂਪਾਲਿਕਾ ਅੱਗੇ ਪੇਸ਼ ਹੋਏ ਵੱਖ-ਵੱਖ ਕੇਸਾਂ ਨੂੰ ਨਿਪਟਾਉਂਦਿਆਂ ਨਿਆਂਪਾਲਿਕਾ ਵੱਲੋਂ ਜ਼ਾਹਰ ਕੀਤੀ ਭਾਵਨਾ ਨੂੰ ਜਾਚਣ ਉਪਰੰਤ ਇਹ ਇਕੱਠ ਇੱਕਮੱਤ ਹੈ ਕਿ ਪੰਜਾਬ ਨੂੰ ਰੇਗਿਸਤਾਨ ਵਿੱਚ ਬਦਲਣ ਅਤੇ ਏਥੋਂ ਦੀ ਕਿਰਸਾਨੀ ਅਤੇ ਆਰਥਕਤਾ ਨੂੰ ਤਬਾਹ-ਓ-ਬਰਬਾਦ ਕਰਨ ਦੀ ਸਪਸ਼ਟ ਸਾਜ਼ਿਸ਼ ਦੀ ਨਿਸ਼ਾਨਦੇਹੀ ਇਹਨਾਂ ਦੀ ਕਰਨੀ ਵਿੱਚੋਂ ਹੁੰਦੀ ਹੈ।

ਏਸ ਦਾ ਸਿੱਟਾ ਸੰਸਾਰ ਦੇ ਇੱਕੋ-ਇੱਕ ਸੂਬੇ, ਜਿੱਥੇ ਕਿ ਸਿੱਖਾਂ ਕੋਲ ਥੋੜ੍ਹੀ-ਬਹੁਤ ਪ੍ਰਸ਼ਾਸਕੀ ਸੁਤੰਤਰਤਾ ਹੈ, ਵਿੱਚੋਂ ਸਿੱਖਾਂ ਨੂੰ ਜੜ੍ਹੋਂ ਉਖਾੜਨ ਵਿੱਚ ਨਿਕਲੇਗਾ। ਨਤੀਜੇ ਵਜੋਂ ਓਸ ਸ਼ਾਨਾਮੱਤੀ ਕੌਮ ਦੇ ਇਤਿਹਾਸ ਨੂੰ ਖ਼ਤਮ ਕਰ ਦਿੱਤਾ ਜਾਵੇਗਾ ਜਿਸ ਨੇ ਸਮੁੱਚੀ ਮਨੁੱਖਤਾ ਦੇ ਭਲੇ ਹਿਤ ਲਾਮਿਸਾਲ ਪਰਉਪਕਾਰੀ ਯੋਗਦਾਨ ਪਾਇਆ ਹੈ ਅਤੇ ਜਿਸ ਕੋਲ ਮਨੁੱਖਤਾ ਦੀ ਨੈਤਿਕ ਅਤੇ ਰੂਹਾਨੀ ਅਰੋਗਤਾ ਲਈ ਅਜੇਹਾ ਯੋਗਦਾਨ ਜਾਰੀ ਰੱਖਣ ਦੀ ਸਮਰੱਥਾ ਹੈ।

ਅਸੀਂ ਆਪਣੇ ਗੁਰੂ ਸਾਹਿਬਾਨਾਂ ਦੀ ਧਰਤੀ ਦੀ ਮੁਕੰਮਲ ਤਬਾਹੀ ਅਤੇ ਉਨ੍ਹਾਂ ਦੇ ਪਰਉਪਕਾਰੀ ਉਪਦੇਸ਼ਾਂ ਨੂੰ ਅਲੋਪ ਹੁੰਦਾ ਆਪਣੀ ਅੱਖੀਂ ਨਹੀਂ ਦੇਖ ਸਕਦੇ। ਸਾਡੇ ਵੱਡਕਿਆਂ ਦੀ ਧਰਤੀ ਉੱਤੇ ਇੱਕ ਭਿਆਨਕ ਮਨੁੱਖੀ ਦੁਖਾਂਤ ਮੰਡਰਾਉਂਦਾ ਨਜ਼ਰ ਆ ਰਿਹਾ ਹੈ। ਪੰਜਾਬ ਦੇ ਹਰੇ-ਭਰੇ ਖੇਤਾਂ ਨੂੰ ਰੇਤਲੇ ਟਿੱਬਿਆਂ ਵਿੱਚ ਬਦਲਦੇ ਦੇਖਣ ਦਾ ਖਿਆਲ ਮਾਤਰ ਹੀ ਸਾਡੇ ਲਈ ਦਿਲ-ਦਹਿਲਾਊ ਹੈ। ਇਸ ਲਈ ਅਸੀਂ ਇਹ ਨਿਸਚਾ ਕਰਦੇ ਹਾਂ ਕਿ:

ਹਰ ਸਬੰਧਤ ਵਿਅਕਤੀ ਨੂੰ ਪੰਜਾਬ ਦੇ ਦਰਿਆਈ ਪਾਣੀ ਦੀ ਲੁੱਟ ਅਤੇ ਇਸ ਦੇ ਫਲਸਰੂਪ ਸਿਰ 'ਤੇ ਮੰਡਰਾ ਰਹੇ ਖ਼ਤਰੇ ਪ੍ਰਤੀ ਜਾਗਰੂਕ ਕਰਾਂਗੇ; ਅਤੇ

1. ਆਪਣੇ ਸਾਧਨਾਂ ਵਿੱਚ ਰਹਿੰਦਿਆਂ ਹੋਣੀ ਦੀ ਅਗਾਊਂ ਰੋਕਥਾਮ ਲਈ ਹਰ ਤਰ੍ਹਾਂ ਦੀ ਕਾਨੂੰਨੀ ਚਾਰਾਜੋਈ ਕਰਾਂਗੇ; ਅਤੇ
2. ਪੰਜਾਬ ਦੇ ਦਰਿਆਵਾਂ ਦਾ ਸਦਾ ਵਹਿੰਦੇ ਰਹਿਣਾ ਯਕੀਨੀ ਬਣਾਉਣ ਲਈ ਹਰ ਹੀਲਾ ਅਪਨਾਵਾਂਗੇ ਤਾਂ ਜੁ ਸਾਡੇ ਪੂਰਵਜਾਂ ਦੇ ਵੰਸ਼ਜ, ਜਿਹੜੇ ਇਹਨਾਂ ਦੇ ਕੰਢਿਆਂ 'ਤੇ ਵੱਸਦੇ ਹਨ, ਓਦੋਂ ਤਾਈਂ ਵੱਸਦੇ-ਰਸਦੇ ਰਹਿਣ ਜਦੋਂ ਤਾਈਂ ਧਰਤੀ ਕਾਇਮ ਹੈ।

## ਮਤਾ ਨੰ. 3:

(ਸਿੱਖ ਰਹਿਤ ਮਰਯਾਦਾ)

ਸੰਮੇਲਨ ਸਮੂਹ ਸਿੱਖ ਸੰਗਤਾਂ ਨੂੰ ਸੱਦਾ ਦੇਂਦਾ ਹੈ ਕਿ ਦਸ ਗੁਰੂ ਸਾਹਿਬਾਨ ਦੀ ਸਿੱਖੀ ਦੀ ਪਾਕ ਪਹਿਚਾਣ ਨੂੰ ਸਦ-ਜੀਵੀ ਬਣਾਉਣ ਲਈ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਦੇ ਅਨੁਕੂਲ ਅਤੇ ਪੰਥ-ਪ੍ਰਵਾਣਤ ਸਿੱਖ ਰਹਿਤ ਮਰਯਾਦਾ ਅਨੁਸਾਰ ਆਪਣੀ ਜੀਵਨ-ਜਾਚ ਨੂੰ ਢਾਲਣ।

ਸੰਮੇਲਨ ਮਰਯਾਦਾ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਰਹਿਤ ਮਰਯਾਦਾ ਦੇ ਪ੍ਰਵਾਣਤ ਮੂਲ ਸਰੂਪ ਵਿੱਚ ਗੁਰੂ ਖ਼ਾਲਸਾ ਪੰਥ ਦੀ ਪ੍ਰਵਾਨਗੀ ਤੋਂ ਬਿਨਾ ਕੀਤੀਆਂ ਗਈਆਂ ਗੁਰਮਤਿ-ਵਿਰੋਧੀ ਤਬਦੀਲੀਆਂ ਦਾ ਗੰਭੀਰ ਨੋਟਿਸ ਲੈਂਦਾ ਹੈ ਤੇ ਮੰਗ ਕਰਦਾ ਹੈ ਕਿ ਇਸ ਮਾਮਲੇ ਦੀ ਘੋਖ-ਪੜਤਾਲ ਲਈ ਤੁਰੰਤ ਗੁਰੂ ਖ਼ਾਲਸਾ ਪੰਥ ਦੀ ਇੱਕ ਵਿਸ਼ਵ ਪੱਧਰੀ ਸਥਾਈ ਨੁਮਾਇੰਦਾ ਰਹੁ-ਰੀਤ ਕਮੇਟੀ ਬਣਾ ਕੇ ਇਨ੍ਹਾਂ ਨੂੰ ਗੁਰਬਾਣੀ ਦੀ ਕਸਵੱਟੀ 'ਤੇ ਪਰਖਿਆ ਜਾਵੇ ਅਤੇ ਇਨ੍ਹਾਂ ਬਾਰੇ ਦੋ ਟੁੱਕ ਨਿਰਣਾ ਕੀਤਾ ਜਾਵੇ ਅਤੇ ਗੁਰਦੁਆਰਿਆਂ ਵਿੱਚ ਹੁੰਦੀ ਕਥਾ ਅਤੇ ਗੁਰਬਾਣੀ ਵਿਆਖਿਆ ਨੂੰ ਤੁਰੰਤ ਗੁਰਮਤਿ ਦੇ ਅੰਕੁਸ਼ ਹੇਠ ਲਿਆਂਦਾ ਜਾਵੇ।

ਅੱਜ ਦਾ ਇਕੱਠ ਉਹਨਾਂ ਸੰਪਰਦਾਵਾਂ, ਡੇਰੇ ਜਾਂ ਜੱਥੇਬੰਦੀਆਂ ਆਦਿ, ਜਿਹੜੀਆਂ ਪੰਥ ਪ੍ਰਵਾਣਤ ਰਹਿਤ ਮਰਯਾਦਾ ਦਾ ਪਾਲਣ ਕਰਨ ਦੀ ਬਜਾਏ ਆਪੋ-ਆਪਣੀਆਂ ਮਰਯਾਦਾਵਾਂ ਪ੍ਰਚਾਰ ਕੇ ਗੁਰੂ ਖ਼ਾਲਸਾ ਪੰਥ ਦੀ ਹੋਂਦ-ਹਸਤੀ ਨੂੰ ਹੜੱਪਣਾ ਲੋਚਦੀਆਂ ਸਿੱਖੀ-ਵਿਰੋਧੀ ਤਾਕਤਾਂ ਦੀ ਇੱਛਾ-ਪੂਰਤੀ ਕਰ ਰਹੀਆਂ ਹਨ, ਦੀਆਂ ਮਨਮਤੀ ਰਹਿਤ ਮਰਯਾਦਾਵਾਂ ਨੂੰ ਰੱਦ ਕਰਦਾ ਹੈ ਅਤੇ ਸਿੱਖ ਸੰਗਤਾਂ ਨੂੰ ਅਪੀਲ ਕਰਦਾ ਹੈ ਕਿ ਜੇਕਰ ਅਜੇਹੀਆਂ ਸੰਪਰਦਾਵਾਂ, ਡੇਰੇ ਆਦਿ ਤੁਰੰਤ ਪੰਥ ਪ੍ਰਵਾਣਤ ਰਹਿਤ ਮਰਯਾਦਾ ਦੀ ਪਾਲਣਾ ਕਰਨੀ ਨਹੀਂ ਆਰੰਭਦੀਆਂ ਤਾਂ ਸਿੱਖ ਸੰਗਤਾਂ ਇਨ੍ਹਾਂ ਨੂੰ ਪੰਥਕ ਸੰਸਥਾਵਾਂ ਵਜੋਂ ਮਾਨਤਾ ਨਾ ਦੇਣ।

ਇਕੱਠ ਮਹਿਸੂਸ ਕਰਦਾ ਹੈ ਕਿ ਕੁਝ ਅਖੌਤੀ ਸੰਤ-ਬਾਬੇ ਅਤੇ ਡੇਰੇਦਾਰ ਦਸਵੰਧ ਦੇ ਨਾਂ 'ਤੇ ਸਾਧਾਰਨ ਸਿੱਖ ਸੰਗਤਾਂ ਦਾ ਆਰਥਕ ਸ਼ੋਸ਼ਣ ਕਰ ਰਹੇ ਹਨ ਅਤੇ ਇਕੱਤਰ ਕੀਤੇ ਸਰਮਾਏ ਨੂੰ ਆਪਣੀ ਨਿੱਜੀ ਪਰਵਰਿਸ਼, ਡੇਰਾਵਾਦ ਫੈਲਾਉਣ ਅਤੇ ਕਾਰ-ਸੇਵਾ ਦੀ ਆੜ ਹੇਠ ਸਿੱਖ ਵਿਰਾਸਤ ਦਾ ਖੁਰਾ-ਖੋਜ ਮਿਟਾਉਣ ਲਈ ਵਰਤ ਰਹੇ ਹਨ। ਇਕੱਠ ਕੌਮ ਨੂੰ ਅਪੀਲ ਕਰਦਾ ਹੈ ਕਿ ਗੁਰੂ-ਹੁਕਮਾਂ ਅਨੁਸਾਰ ਕੇਵਲ '**ਗਰੀਬ ਦਾ ਮੂੰਹ ਗੁਰੂ ਦੀ ਗੋਲਕ**' ਜਾਨਣ ਅਤੇ ਆਪਣੇ ਦਸਵੰਧ ਨੂੰ "**ਅਕਲੀ ਕੀਚੈ ਦਾਨ**" ਦੇ ਮਹਾਂਵਾਕ ਅਨੁਸਾਰ ਆਪਣੇ ਗਰੀਬ ਗੁਰਭਾਈਆਂ ਦੀ ਭਲਾਈ ਲਈ ਵਰਤਣ।

ਅੱਜ ਦਾ ਇਹ ਇਕੱਠ, 12 ਅਕਤੂਬਰ 1936 ਨੂੰ ਸ਼੍ਰੋਮਣੀ ਕਮੇਟੀ ਦੇ ਮਤਾ ਨੰਬਰ 149 ਰਾਹੀਂ ਮੂਲ ਰੂਪ ਵਿੱਚ ਪ੍ਰਵਾਨ ਕੀਤੀ ਰਹਿਤ ਮਰਯਾਦਾ ਅਨੁਸਾਰ ਅਤੇ ਰਾਗਮਾਲਾ ਦੇ ਕ੍ਰਿਤਤਵ ਸਬੰਧੀ ਹੁਣ ਤੱਕ ਹੋਈ ਖੋਜ ਦੇ ਸਿੱਟਿਆਂ ਦੀ ਰੌਸ਼ਨੀ ਵਿੱਚ ਇਸ ਗੱਲ 'ਤੇ ਇੱਕ-ਮੱਤ ਹੈ ਕਿ ਰਾਗਮਾਲਾ ਬਾਣੀ ਨਹੀਂ ਅਤੇ ਜਾਗਰੂਕ ਸਿੱਖਾਂ ਨੂੰ ਅਪੀਲ ਕਰਦਾ ਹੈ ਕਿ ਉਹ ਗੁਰੂ ਗ੍ਰੰਥ ਸਾਹਿਬ ਦੇ ਪਾਠ ਦਾ ਭੋਗ ਮੁੰਦਾਵਣੀ ਉੱਤੇ ਹੀ ਪਾਉਣ।

## ਮਤਾ ਨੰ. 4:

ਪੰਥ ਦਾ ਇਹ ਨੁਮਾਇੰਦਾ ਇਕੱਠ ਮਹਿਸੂਸ ਕਰਦਾ ਹੈ ਕਿ ਨਾਪਾਕ ਸਿਆਸਤਦਾਨ-ਪੁਜਾਰੀ ਗੱਠਜੋੜ ਨੇ ਸਿੱਖਾਂ ਨੂੰ ਪੰਥ ਵਿੱਚੋਂ ਛੇਕਣ ਦਾ ਗੁਰਮਤਿ-ਵਿਰੋਧੀ ਵਰਤਾਰਾ ਪਾਵਨ ਅਕਾਲ ਤਖ਼ਤ ਦੇ ਨਿਰਮਲ ਭੈ ਨੂੰ ਖ਼ਤਮ ਕਰ ਕੇ ਆਪਣਾ ਆਤੰਕ ਫੈਲਾਉਣ ਵਾਸਤੇ ਜਾਰੀ ਰੱਖਿਆ ਹੋਇਆ ਹੈ ਅਤੇ ਇਸੇ ਤਹਿਤ ਹੀ ਸਰਦਾਰ ਜੋਗਿੰਦਰ ਸਿੰਘ (ਸਪੋਕਸਮੈਨ) ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਸੇਵਾਦਾਰ ਵੱਲੋਂ ਪੰਥ ਵਿੱਚੋਂ ਛੇਕਿਆ ਗਿਆ ਹੈ ਜੋ ਕਿ ਮੁਕੰਮਲ ਤੌਰ 'ਤੇ ਅਣਅਧਿਕਾਰਤ ਅਤੇ ਬੇਹੱਦ ਮੰਦਭਾਗਾ ਹੈ। ਗੁਰੂ ਖ਼ਾਲਸਾ ਪੰਥ ਦੀ ਮਰਜ਼ੀ ਤੋਂ ਬਿਨਾ ਇੱਕ ਨਿਰੋਲ ਸਿਆਸੀ ਆਦਮੀ ਵੱਲੋਂ ਥਾਪੇ ਗਏ ਵਿਅਕਤੀ ਨੂੰ ਕੋਈ ਅਧਿਕਾਰ ਨਹੀਂ ਕਿ ਉਹ ਆਪਣੇ ਗੁਰਭਾਈ ਨੂੰ ਪੰਥ ਵਿੱਚੋਂ ਛੇਕ ਸਕੇ।

## ਮਤਾ ਨੰ. 5:

ਪੰਜਾਬ ਵਿੱਚ ਵੱਡੀ ਪੱਧਰ ਉੱਤੇ ਬਾਹਰਲੇ ਪ੍ਰਦੇਸ਼ਾਂ ਤੋਂ ਮਜ਼ਦੂਰ ਲਿਆ ਕੇ ਅਤੇ ਉਨ੍ਹਾਂ ਨੂੰ ਪੰਜਾਬ ਦੇ ਸ਼ਹਿਰੀ ਬਣਾ ਕੇ ਘੱਟਗਿਣਤੀ ਵਾਲੇ ਸੂਬੇ ਦੇ ਮੂਲ ਵਸਨੀਕਾਂ ਨੂੰ ਹੋਰ ਵੀ ਸੂਖਮ ਘੱਟਗਿਣਤੀ ਵਿੱਚ ਤਬਦੀਲ ਕਰਨ ਦੀ ਕੇਂਦਰ ਦੀ ਕੂਟ-ਨੀਤੀ ਵਿੱਚੋਂ ਓਸੇ ਬਸਤੀਵਾਦ ਦਾ ਪ੍ਰਭਾਵ ਸਪਸ਼ਟ ਦਿਖਾਈ ਦਿੰਦਾ ਹੈ ਜਿਸ ਅਧੀਨ ਸਾਮਰਾਜੀ ਮੁਲਕਾਂ ਨੇ ਅਮਰੀਕਾ, ਕਨੇਡਾ, ਔਸਟ੍ਰੇਲੀਆ ਅਤੇ ਹੋਰ ਮੁਲਕਾਂ ਵਿੱਚ ਆਪਣੀਆਂ ਬਸਤੀਆਂ ਕਾਇਮ ਕੀਤੀਆਂ ਸਨ। ਅਜੇ ਕੱਲ੍ਹ-ਪਰਸੋਂ ਹੀ ਚੀਨ ਨੇ ਏਹੋ ਅਮਲ ਤਿੱਬਤ ਵਿੱਚ ਹੋਂਦ ਵਿੱਚ ਲਿਆਂਦਾ ਹੈ। ਪੰਜਾਬ ਦੇ ਆਲੇ-ਦੁਆਲੇ ਦੇ ਪ੍ਰਦੇਸ਼ਾਂ (ਰਾਜਸਥਾਨ, ਉਤਰਾਂਚਲ, ਹਿਮਾਚਲ, ਜੰਮੂ-ਕਸ਼ਮੀਰ) ਵਿੱਚ ਪੰਜਾਬੀ ਨਾ ਜ਼ਮੀਨ ਖ਼ਰੀਦ ਸਕਦਾ ਹੈ, ਨਾ ਜਾ ਕੇ ਵੱਸ ਸਕਦਾ ਹੈ।

ਕਈ ਹੋਰ ਪੱਖਾਂ ਤੋਂ ਵੇਖਿਆਂ ਪੰਜਾਬ ਨੂੰ ਹਿੰਦੋਸਤਾਨ ਦੀ ਬਸਤੀ ਬਣਾਉਣ ਦਾ ਅਮਲ 1947 ਤੋਂ ਲਗਾਤਾਰ ਜਾਰੀ ਹੈ।

ਅੱਜ ਦਾ ਇਹ ਇਕੱਠ ਪੰਜਾਬੀਆਂ ਨੂੰ ਸੱਦਾ ਦਿੰਦਾ ਹੈ ਕਿ ਏਸ ਨਵੇਂ ਬਸਤੀਵਾਦ ਨੂੰ ਆਪਣੀ ਪੂਰੀ ਹਿੰਮਤ ਜੁਟਾ ਕੇ ਰੱਦ ਕਰ ਦੇਣ ਅਤੇ ਕੇਂਦਰੀ ਸਰਕਾਰ ਨੂੰ ਆਪਣੀਆਂ ਘਾਤਕ ਨੀਤੀਆਂ ਨੂੰ ਤਿਆਗਣ ਲਈ ਮਜਬੂਰ ਕਰ ਦੇਣ।

ਇਹ ਇਕੱਠ ਪੰਜਾਬ ਅਸੰਬਲੀ ਨੂੰ ਬੇਨਤੀ ਕਰਦਾ ਹੈ ਕਿ ਦਰਿਆਈ ਪਾਣੀਆਂ ਸਬੰਧੀ ਦਿਖਾਈ ਦਲੇਰੀ ਵਾਂਗ ਹੀ ਇਸ ਮਸਲੇ ਸਬੰਧੀ ਵੀ ਹਿਮਾਚਲ ਪ੍ਰਦੇਸ਼, ਉਤਰਾਂਚਲ ਅਤੇ ਰਾਜਸਥਾਨ ਅਸੰਬਲੀਆਂ ਦੀ ਤਰਜ਼ 'ਤੇ ਪਰਵਾਸੀਆਂ ਦੇ ਜ਼ਮੀਨ-ਜਾਇਦਾਦ ਖਰੀਦਣ ਉੱਤੇ ਰੋਕ ਲਾਉਣ ਸਬੰਧੀ ਤੁਰੰਤ ਕਾਨੂੰਨ ਪਾਸ ਕਰੇ।

### ਮਤਾ ਨੰ. 6:

ਪਿਛਲੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਨੇ ਅਖੌਤੀ 'ਜਥੇਦਾਰਾਂ' ਨੂੰ ਹੁਕਮ ਸਾਦਰ ਕੀਤਾ ਹੈ ਕਿ ਉੱਹ ਦੋ ਸਾਲਾਂ ਵਿੱਚ ਕੇਵਲ ਇੱਕ ਵਾਰੀ ਅਗਾਊਂ ਮਨਜ਼ੂਰੀ ਲੈ ਕੇ ਵਿਦੇਸ਼ ਦੌਰੇ ਉੱਤੇ ਜਾ ਸਕਣਗੇ। ਇਹ ਹੁਕਮ ਤਾਂ ਜਾਇਜ਼ ਹੀ ਹੈ ਕਿਉਂਕਿ ਇਹ ਅਖੌਤੀ ਜਥੇਦਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਨਖਾਹਦਾਰ ਮੁਲਾਜ਼ਮ ਹਨ ਅਤੇ ਇਹ ਵਿਦੇਸ਼ ਜਾ ਕੇ ਅਮਨ-ਚੈਨ ਨਾਲ ਵਸਦੇ ਸਿੱਖਾਂ ਵਿੱਚ ਫੁੱਟ ਪਾਉਣ ਦਾ ਕੁਕਰਮ ਕਰ ਰਹੇ ਹਨ ਅਤੇ ਕੇਵਲ ਨਿੱਜੀ ਆਰਥਕ ਲਾਭ ਹਿਤ ਅਪਰਾਧੀ ਬਿਰਤੀ ਵਾਲੇ ਅਖ਼ੌਤੀ ਸਾਧਾਂ ਨੂੰ 'ਸੰਤ ਬਾਬਿਆਂ' ਵਜੋਂ ਮਾਨਤਾ ਦੇ ਕੇ ਸਿੱਖ ਸਮਾਜਕ ਜੀਵਨ ਵਿੱਚ ਵੱਡੀ ਅਸ਼ਾਂਤੀ ਫੈਲਾ ਰਹੇ ਹਨ। ਅੱਜ ਦਾ ਇਕੱਠ ਇਹਨਾਂ ਨੂੰ ਪੁੱਛਦਾ ਹੈ ਕਿ ਕੀ ਇਹ ਪ੍ਰਧਾਨ ਦੇ ਹੁਕਮ ਸਾਦਰ ਹੋਣ ਤੋਂ ਬਾਅਦ ਵੀ ਆਪਣੇ-ਆਪ ਨੂੰ ਸਰਵਉੱਚ ਮੰਨਦੇ ਰਹਿਣਗੇ? ਪੰਥ ਦਾ ਇਹ ਇਕੱਠ ਅਖ਼ੌਤੀ ਜਥੇਦਾਰਾਂ ਨੂੰ ਬੇਨਤੀ ਕਰਦਾ ਹੈ ਕਿ ਇਹ ਗੁੰਮਰਾਹਕੁੰਨ ਅਤੇ ਪੰਥ ਲਈ ਬੇਹੱਦ ਮਾਰੂ ਮਾਨਸਿਕ ਭ੍ਰਾਂਤੀ, ਸਰਵਉੱਚਤਾ ਦੇ ਸੰਕਲਪ, ਵਿੱਚੋਂ ਵੱਡਾ ਹੰਭਲਾ ਮਾਰ ਕੇ ਨਿਕਲ ਜਾਣ ਅਤੇ ਆਪਣੀ ਸਹੀ ਪਦ-ਪਦਵੀ ਨੂੰ ਪ੍ਰਵਾਨ ਕਰ ਕੇ ਆਪਣੇ ਗੁਰਭਾਈਆਂ ਦੇ ਕਲਿਆਣ ਲਈ ਯਤਨਸ਼ੀਲ ਹੋਣ।

ਇਹ ਇਕੱਠ ਇੱਕ-ਮੱਤ ਹੈ ਕਿ ਪੰਜਾਬੀ ਪਾਰਟੀ ਅਕਾਲੀ ਦਲ ਦੇ ਵਾਹਦ ਨੇਤਾ ਨੇ ਰਹਿਤ ਮਰਿਯਾਦਾ ਅਨੁਸਾਰ ਕੁਰਹਿਤੀਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੱਡੇ ਅਹੁਦੇਦਾਰ ਥਾਪ ਕੇ ਪੰਥ ਨਾਲ ਵੱਡਾ ਧ੍ਰੋਹ ਕੀਤਾ ਹੈ ਅਤੇ ਸਿੱਖ ਕੌਮ ਦੇ ਪਤਨ ਦਾ ਰਾਹ ਖੋਲ੍ਹਿਆ ਹੈ। ਏਸ ਨੂੰ ਠੱਲ੍ਹ ਪਾਉਣ ਲਈ ਸਾਰੇ ਗੁਰਸਿੱਖਾਂ ਵੱਲੋਂ ਇਕੱਠੇ ਹੋ ਕੇ ਹੰਭਲਾ ਮਾਰਨ ਨੂੰ ਇਹ ਇਕੱਠ ਸਿੱਖ-ਹਿਤੈਸ਼ੀ ਕਰਮ ਜਾਣਦਾ ਹੈ।

### ਮਤਾ ਨੰ. 7:

ਸੰਮੇਲਨ ਪੰਜਾਬ ਅਤੇ ਸਿੱਖ ਕੌਮ ਦੇ ਹੱਕਾਂ ਲਈ ਪਿਛਲੇ ਢਾਈ ਦਹਾਕੇ ਚੱਲੇ ਧਰਮ-ਯੁੱਧ ਦੌਰਾਨ ਸੁਧਾ ਧੱਕੇਸ਼ਾਹੀ ਨਾਲ ਕਈ ਸਾਲਾਂ ਤੋਂ ਝੂਠੇ ਕੇਸਾਂ ਤਹਿਤ ਜੇਲ੍ਹਾਂ ਵਿੱਚ ਡੱਕੇ ਹੋਏ ਸਿੱਖ ਨੌਜਵਾਨਾਂ ਨੂੰ ਬਿਨਾਂ ਸ਼ਰਤ ਰਿਹਾਅ ਕਰਨ ਦੀ ਪੁਰਜ਼ੋਰ ਮੰਗ ਕਰਦਾ ਹੈ।

### ਮਤਾ ਨੰ. 8:

ਸੰਮੇਲਨ ਬਾਹਰਲੇ ਪੰਜ ਮੁਲਕਾਂ 'ਚ ਹੋਏ ਵਿਸ਼ਵ ਸਿੱਖ ਸੰਮੇਲਨਾਂ ਦੌਰਾਨ ਪਾਸ ਕੀਤੇ ਗਏ ਮਤਿਆਂ ਦੀ ਮੁਕੰਮਲ ਤੋਰ 'ਤੇ ਪ੍ਰੋੜ੍ਹਤਾ ਕਰਦਾ ਹੈ।

ੴ ਸਤਿ ਗੁਰਪ੍ਰਸਾਦਿ

"ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ॥"

**SINGH SABHA INTERNATIONAL (U.K.)**

**26 MOULTON AVENUE, HOUNSLOW,**

**MIDDLESEX, TW3 4LR**

**Tel. No. 07939922484**

**Date 10-10-2004**

**President : Avtar Singh**

**General Secretary: Sewa Singh**

**Treasurer: Maninderpal Singh**

ਅੱਜ 10 ਅਕਤੂਬਰ 2004 ਦਿਨ ਐਤਵਾਰ ਨੂੰ ਸਿੰਘ ਸਭਾ ਇੰਟਰਨੈਸ਼ਨਲ (ਯੂ.ਕੇ.) ਵੱਲੋਂ Cranford Community College,High Street, Cranford, Middlesex, TW5 9PD ਵਿਖੇ ਕਰਵਾਈ ਗਈ ਵਿਸ਼ਵ ਸਿੱਖ ਕਾਨਫ਼ਰੰਸ ਵਿੱਚ ਹੇਠ ਲਿਖੇ ਮਤੇ ਵਿਚਾਰ-ਵਟਾਂਦਰੇ ਉਪਰੰਤ ਪ੍ਰਵਾਨ ਕੀਤੇ ਗਏ।

1) ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਦਿਲ਼ੀ ਗੁਰਦਵਾਰਾ ਪ੍ਰਬੰਧਕ ਕਮੇਟੀ, ਬੋਰਡ ਹਜ਼ੂਰ ਸਾਹਿਬ ਅਤੇ ਪਟਨਾ ਸਾਹਿਬ ਤੋਂ ਇਲਾਵਾ ਸੰਸਾਰ ਭਰ ਦੇ ਗੁਰਦਵਾਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਪੰਥ ਪ੍ਰਵਾਣਤ ਸਿੱਖ ਰਹਿਤ ਮਰਿਆਦਾ ਲਾਗੂ ਕਰਕੇ ਪੰਥ ਨੂੰ ਇੱਕ ਲੜੀ ਵਿੱਚ ਪਰੋ ਕੇ ਦੁਬਿਧਾ ਖ਼ਤਮ ਕਰਨ ਦਾ ਉਪਰਾਲਾ ਕਰਨ।

2) ਬੀਬੀ ਜਗੀਰ ਕੌਰ ਪ੍ਰਧਾਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਉਸ ਫ਼ੈਸਲੇ ਦੀ ਸ਼ਲਾਘਾ ਕਰਦੇ ਹਾਂ ਜਿਸ ਵਿੱਚ ਉਨ੍ਹਾਂ ਨੇ ਜਥੇਦਾਰਾਂ, ਰਾਗੀਆਂ ਅਤੇ ਪ੍ਰਚਾਰਕਾਂ ਤੇ ਘੱਟ ਤੋਂ ਘੱਟ ਪਿਛਲੀ ਫੇਰੀ ਤੋਂ ਦੋ ਸਾਲ ਬਾਅਦ ਵਿਦੇਸ਼ਾਂ ਵਿੱਚ ਜਾਣ ਦੀ ਪਾਬੰਦੀ ਲਾਈ ਹੈ। ਅਸੀਂ ਮਹਿਸੂਸ ਕਰਦੇ ਹਾਂ ਕਿ ਅੱਜ ਸਿੱਖੀ-ਪ੍ਰਚਾਰ ਦੀ ਲੋੜ ਵਿਸ਼ੇਸ਼ ਕਰਕੇ ਪੰਜਾਬ ਦੇ ਪਿੰਡਾਂ ਅਤੇ ਭਾਰਤ ਦੇ ਹੋਰ ਪ੍ਰਾਂਤਾਂ ਵਿੱਚ ਵਸਦੇ ਲੋਕਾਂ ਨੂੰ ਹੈ। ਸਮੇਂ ਦੀ ਮੰਗ ਹੈ ਕਿ ਇਹ ਜਥੇਦਾਰ, ਪ੍ਰਚਾਰਕ ਅਤੇ ਰਾਗੀ ਉੱਥੇ ਭੇਜੇ ਜਾਣ।

3. ਸਿੱਖ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਅਖੌਤੀ ਧਾਰਮਿਕ ਆਗੂਆਂ ਅਤੇ ਬੀਬੀਆਂ ਦਾ ਸ਼ੋਸ਼ਣ ਕਰਨ ਵਾਲੇ ਪਖੰਡੀ ਬਾਬਿਆਂ ਨਾਲੋਂ ਨਾਤਾ ਤੋੜਨ। ਇਸ ਦੇ

ਨਾਲ ਹੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਬੰਧਤ ਸੰਸਥਾਵਾਂ ਨੂੰ ਵੀ ਬੇਨਤੀ ਕੀਤੀ ਜਾਂਦੀ ਹੈ ਕਿ ਅਜਿਹੇ ਵਿਅਕਤੀਆਂ ਵਿਰੁੱਧ ਕਾਨੂੰਨੀ ਅਤੇ ਹੋਰ ਢੁਕਵੀਂ ਕਾਰਵਾਈ ਕਰਨ। ਵਿਸ਼ਵ ਭਰ ਦੇ ਗੁਰਦਵਾਰਿਆਂ ਨੂੰ ਵੀ ਅਜਿਹਾ ਕਰਨ ਦੀ ਅਪੀਲ਼ ਕੀਤੀ ਜਾਂਦੀ ਹੈ।

4. ਉਨ੍ਹਾਂ ਪੰਜਾਬੀ ਅਖਬਾਰਾਂ ਅਤੇ ਮਾਧਿਅਮ ਦੇ ਹੋਰ ਸਾਧਨਾਂ (ਰੇਡੀਓ) ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਪੈਸੇ ਕਮਾਉਣ ਦੀ ਖਾਤਰ ਜਾਦੂ-ਟੂਣੇ ਵਾਲੇ ਪੀਰਾਂ ਅਤੇ ਸਾਧਾਂ ਦੇ ਇਸ਼ਤਿਹਾਰ ਦੇ ਕੇ ਸਿੱਖ ਪਰਿਵਾਰਾਂ ਨੂੰ ਉਨ੍ਹਾਂ ਦੇ ਜਾਲ ਵਿੱਚ ਨਾ ਫਸਾਉਣ। ਇਸ ਦੇ ਨਾਲ ਹੀ ਜਿਹੜੇ ਰੇਡੀਓ ਅਤੇ ਅਖਬਾਰ ਅਜਿਹੇ ਠੱਗਾਂ ਤੋਂ ਬਚ ਕੇ ਰਹਿਣ ਲਈ ਚਿਤਾਵਨੀ ਦਿੰਦੇ ਹਨ ਉਨ੍ਹਾਂ ਦਾ ਅਸੀਂ ਸਾਰੇ ਧੰਨਵਾਦ ਕਰਦੇ ਹਾਂ ਅਤੇ ਸਿੱਖ ਪਰਿਵਾਰਾਂ ਨੂੰ ਅਪੀਲ ਕਰਦੇ ਹਾਂ ਕਿ ਅਜਿਹੇ ਸਾਧਨਾਂ ਦੀ ਹਰ ਸੰਭਵ ਸਹਾਇਤਾ ਕਰਨ।

5. ਸਿੱਖ ਸਮਾਜ ਵਿੱਚ ਜਾਤ-ਪਾਤ, ਦਹੇਜ, ਪਤਿਤਪੁਣੇ ਅਤੇ ਨਸ਼ਿਆਂ ਦੇ ਸੇਵਨ ਵਰਗੀਆਂ ਸਮਾਜਕ ਕੁਰੀਤੀਆਂ ਨੇ ਘਰ ਕਰ ਲਿਆ ਹੈ। ਜੇ ਜਥੇਬੰਦ ਹੋ ਕੇ ਇਨ੍ਹਾਂ ਵਿਰੁੱਧ ਪ੍ਰਚਾਰ ਨਾ ਕੀਤਾ ਗਿਆ ਤਾਂ ਇਸ ਦੇ ਬਹੁਤ ਗੰਭੀਰ ਸਿੱਟੇ ਨਿਕਲਣਗੇ ਅਤੇ ਆਉਣ ਵਾਲੀਆਂ ਨਸਲਾਂ ਸਾਨੂੰ ਕਦੇ ਮੁਆਫ਼ ਨਹੀਂ ਕਰਨਗੀਆਂ। ਇਸ ਲਈ ਇਨ੍ਹਾਂ ਕੁਰੀਤੀਆਂ, ਵਹਿਮਾਂ, ਭਰਮਾਂ ਵਿਰੁੱਧ ਜੂਝਣ ਲਈ ਸਾਰਾ ਸਿੱਖ ਪੰਥ ਲਾਮਬੰਦ ਹੋਵੇ।

7. ਸਿੱਖ ਪੰਥ ਦੇ ਮਹਾਨ ਵਿਦਵਾਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਮੁੱਖ ਸੇਵਾਦਾਰ ਪ੍ਰੋ਼ਫੈਸਰ ਦਰਸ਼ਨ ਸਿੰਘ ਜੀ ਨੇ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਦੀ ਹਾਜ਼ਰੀ ਵਿੱਚ ਕੱਚੀ ਬਾਣੀ ਅਤੇ ਗੁਰਮਤਿ ਦੀ ਗ਼ਲਤ ਵਿਆਖਿਆ ਕਰਨ ਵਾਲੇ ਬਾਬਿਆਂ ਬਾਰੇ ਗੁਰਬਾਣੀ ਦੀ ਰੌਸ਼ਨੀ ਵਿੱਚ ਨਿਧੜਕ ਹੋ ਕੇ ਕਨੇਡਾ ਵਿਖੇ ਜਿਹੜੇ ਵਿਚਾਰ ਪ੍ਰਗਟ ਕੀਤੇ ਹਨ ਉਸ ਲਈ ਅਸੀਂ ਪ੍ਰੋ਼ਫੈਸਰ ਸਾਹਿਬ ਦੇ ਬਹੁਤ ਧੰਨਵਾਦੀ ਹਾਂ ਅਤੇ ਉਨ੍ਹਾਂ ਵੱਲੋਂ ਪ੍ਰਗਟਾਏ ਵਿਚਾਰਾਂ ਦੀ ਪੁਸ਼ਟੀ ਕਰਦੇ ਹਾਂ ।

8. "ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ" ਦੇ ਸਿਧਾਂਤ ਨੂੰ ਲੈ ਕੇ ਸਿੰਘ ਸਭਾ ਇੰਟਰਨੈਸ਼ਨਲ ਨਾਂ ਦੀ ਸੰਸਥਾ ਸੰਸਾਰ ਦੇ ਵੱਖ-ਵੱਖ ਦੇਸ਼ਾਂ ਵਿੱਚ ਸਥਾਪਤ ਹੋ ਚੁੱਕੀ ਹੈ ਜੋ ਕਿ ਨਿਰੋਲ ਗੁਰਮਤਿ ਦੇ ਪ੍ਰਚਾਰ ਅਤੇ ਸਿੱਖ ਰਹਿਤ ਮਰਿਆਦਾ ਨੂੰ ਲਾਗੂ ਕਰਵਾਉਣ ਲਈ ਤਤਪਰ ਹੈ। ਇਸ ਲਈ ਆਪ ਜੀ ਦੇ ਸਹਿਯੋਗ ਦੀ ਬਹੁਤ ਲੋੜ ਹੈ।

9. ਅੰਤ ਵਿੱਚ ਅਸੀਂ ਵੱਖ-ਵੱਖ ਦੇਸ਼ਾਂ ਵਿੱਚ ਹੋਈਆਂ ਵਿਸ਼ਵ ਸਿੱਖ ਕਾਨਫ਼ਰੰਸਾਂ ਅਤੇ 26 ਅਕਤੂਬਰ 2003 ਨੂੰ ਚੰਡੀਗੜ੍ਹ ਵਿਖੇ ਹੋਈ ਕਾਨਫ਼ਰੰਸ ਵਿੱਚ ਪਾਸ ਹੋਏ ਮਤਿਆਂ ਦਾ ਭਰਪੂਰ ਸਮਰਥਨ ਕਰਦੇ ਹਾਂ।

ਜਾਰੀ ਕਰਤਾ –
**ਸੇਵਾ ਸਿੰਘ**
**ਜਨਰਲ ਸਕੱਤਰ**
**ਸਿੰਘ ਸਭਾ ਇੰਟਰਨੈਸ਼ਨਲ (ਯੂ.ਕੇ.)**
**sewasinghsidhu@aol.com**

## SINGH SABHA INTERNATIONAL CONFERENCE

**OCTOBER 2, 2004**
**HELD AT PHILADELPHIA SIKH SOCIETY**
**6708 GARDEN COURT, MILBOURNE,**
**PENNSYLVANIA 19082**
**UNITED STATES OF AMERICA**

The following resolutions were presented and adopted unanimously:

A. Sovereignty of the office of the Akal Takhat Jathedar

B. Stop the un-Sikh like practices that are making in-roads into Gurdwaras and Sikh institutions such as:

1. Simultaneous performing of the multiple Akhand Paths in the Gurdwaras.
2. Ready made Akand paths and Sadharan Paths.
3. Accord Dasam Granth the same status as that of Shri Guru Granth Sahib and performing Akhand Path of Dasam Granth at Takhat Patna Sahib, and Takhat Hazur Sahib.

4. Disallowing women to perform kirtan at Darbar Sahib.
5. Justice for victims of Amritsar and New Delhi Ghalughara in 1984.

C. Sikh Sovereignty.

Sikhs' right to wear turban, especially in France.

Punjab River Waters.

**SINGH SABHA INTERNATIONAL CANADA**

**603 RAY LAWSON BLVD, BRAMPTON, ONTARIO L6Y 5J7**

**Resolutions adopted at SSI-WSC, Brampton Ontario, Canada on Sept. 25, 2004**

**At Dixie Road Gurudwara, Mississauga, Ontario**

## 1. ਪਾਖੰਡੀ ਸਾਧਾਂ, ਸੰਤਾਂ ਅਤੇ ਅਖ਼ੌਤੀ ਬ੍ਰਹਮ ਗਿਆਨੀਆਂ ਤੋਂ ਬਚਣ ਦੀ ਲੋੜ:

ਪਿਛਲੇ ਸਮਿਆਂ ਵਿੱਚ ਸ਼੍ਰੋ. ਗੁ. ਪ੍ਰ. ਕਮੇਟੀ ਦੇ ਸੱਤਾਹੀਣ, ਏਸ ਦੀ ਧਰਮ ਪ੍ਰਚਾਰ ਕਮੇਟੀ ਦੇ ਪ੍ਰਾਣਹੀਣ ਹੋ ਜਾਣ ਕਾਰਣ ਅਤੇ ਸਿੱਖ ਸਿਆਸਤ ਦੇ ਮੁਕੰਮਲ ਤੌਰ ਉੱਤੇ ਬਹੁਗਿਣਤੀ ਦੀ ਅਧੀਨਗੀ ਸਵੀਕਾਰ ਕਰਨ ਕਾਰਣ ਸਿੱਖ ਧਰਮ ਪ੍ਰਚਾਰ ਬੇਹੱਦ ਮੱਧਮ ਪੈ ਗਿਆ ਹੈ। ਥਾਂ-ਥਾਂ 'ਤੇ ਸਾਧ, ਸੰਤ-ਬਾਬੇ, ਮਹੰਤ, ਮੁਖੀ ਖੁੰਬਾਂ ਵਾਂਗੂੰ ਉੱਗ ਪਏ ਹਨ। ਗੁਰਬਾਣੀ ਦੀ ਦੁਰਵਰਤੋਂ ਨਾਲ ਆਪਣਾ ਪ੍ਰਭਾਵ ਸਥਾਪਤ ਕਰ ਕੇ ਇਹ ਆਪਣੇ-ਆਪ ਨੂੰ 'ਬ੍ਰਹਮ ਗਿਆਨੀ, ਪਹੁੰਚੇ ਹੋਏ, ਰਿਧੀਆਂ-ਸਿੱਧੀਆਂ' ਵਾਲੇ ਪ੍ਰਸਿੱਧ ਕਰਦੇ ਹਨ। ਗੁਰੂ ਸਾਹਿਬਾਨ ਦੇ ਪਵਿੱਤਰ ਹੁਕਮ "ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥" ਤੋਂ ਉਲਟ "ਰੋਟੀਆ ਕਾਰਣਿ ਪੂਰਹਿ ਤਾਲਿ॥" ਦੇ ਧਾਰਨੀ ਇਹ ਮਨੁੱਖ ਹੱਡ-ਭੰਨਵੀਂ ਮਿਹਨਤ ਕਰਨ ਵਾਲੇ ਕਿਰਤੀ ਸਿੱਖਾਂ ਦੀ ਦਸਾਂ ਨਹੁੰਆਂ ਦੀ ਕਮਾਈ ਨੂੰ ਹੜੱਪਣ ਅਤੇ ਐਸ਼ੋ ਇਸ਼ਰਤ ਲਈ ਵਰਤਦੇ ਹਨ। ਗ੍ਰਿਹਸਥੀਆਂ ਦੇ ਘਰਾਂ ਵਿੱਚ ਖਲਿਲ ਪਾ ਕੇ ਇਹ ਲੋਕ ਇਖਲਾਕ ਤੋਂ ਗਿਰੀਆਂ ਹਰਕਤਾਂ ਕਰਦੇ ਅਤੇ ਹਰਾਮ ਦੀ ਕਮਾਈ ਖਾਂਦੇ ਹਨ।

ਅੱਜ ਦਾ ਇਹ ਇਜਲਾਸ ਪਿਹੋਵੇ ਵਾਲੇ ਸਾਧ ਦਾ ਪਰਦਾ ਫਾਸ਼ ਕਰਨ ਵਾਲੇ ਅਖ਼ਬਾਰ 'ਸਾਂਝ ਸਵੇਰਾ' (ਸਤੰਬਰ 9, 2004), ਓਂਟੈਰੀਓ ਖ਼ਾਲਸਾ ਦਰਬਾਰ ਅਤੇ ਹੋਰ ਸਾਰੀਆਂ ਧਾਰਮਕ ਜਥੇਬੰਦੀਆਂ ਦੀ ਸ਼ਲਾਘਾ ਕਰਦਾ ਹੈ ਜਿਨ੍ਹਾਂ ਨੇ ਇਸ ਅਖਬਾਰ ਨੂੰ ਸਮਰਥਨ ਦਿੱਤਾ ਹੈ ਅਤੇ ਭੋਲ਼ੇ-ਭਾਲ਼ੇ ਲੋਕਾਂ ਨੂੰ ਕਪਟੀ ਸਾਧਾਂ, 'ਬਨਾਰਸ ਦੇ ਠੱਗਾਂ' ਤੋਂ ਬਚਣ ਲਈ ਅਪੀਲ ਕਰਦਾ ਹੈ। ਅੱਜ ਦਾ ਇਹ ਇਜਲਾਸ ਸਿੱਖ ਸੰਗਤਾਂ ਨੂੰ ਬੇਨਤੀ ਕਰਦਾ ਹੈ ਕਿ ਸਾਧ ਬਾਣੇ ਵਿੱਚ ਵਿਚਰਦੇ ਸਾਰੇ ਠੱਗਾਂ ਤੋਂ ਬਚਣ ਅਤੇ ਕਿਸੇ ਬਹਾਨੇ ਵੀ ਇਨ੍ਹਾਂ ਨੂੰ ਮੂੰਹ ਨਾ ਲਾਉਣ। ਕਲਯੁਗ ਵਿੱਚ ਜੁੱਗੋ-ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ, ਪਾਰਜਾਤ ਬਿਰਖ, ਸਭ-ਸੁਖ-ਦਾਇਕ ਗੁਰਬਾਣੀ ਦੇ ਜਹਾਜ਼ ਹਨ। ਕੇਵਲ ਅਤੇ ਕੇਵਲ ਗੁਰੂ ਗ੍ਰੰਥ ਦੀ ਸ਼ਰਣ ਲੈਣਾ ਹੀ ਗੁਰਮਤਿ ਹੈ ਅਤੇ ਕਲਿਆਣ ਦਾ ਸਾਧਨ ਹੈ।

## 2. ਇੱਕ ਤੋਂ ਜ਼ਿਆਦਾ ਪਾਠਾਂ ਦੀ ਇੱਕੋ ਸਮੇਂ ਇੱਕ ਸਥਾਨ 'ਤੇ ਰੀਤ ਗੁਰਮਤਿ ਅਨੁਸਾਰ ਨਹੀ:

ਪੰਥ ਪ੍ਰਵਾਣਤ ਰਹਿਤ ਮਰਯਾਦਾ ਦੇ ਅਨੁਸਾਰ ਸੰਗਤ ਵਿੱਚ ਇੱਕੋ ਸਮੇਂ ਉਸੇ ਸਥਾਨ 'ਤੇ ਇੱਕੋ ਗੱਲ ਹੋਣੀ ਚਾਹੀਦੀ ਹੈ। ਪਾਠ, ਕੀਰਤਨ ਜਾਂ ਵਖਿਆਨ/ਕਥਾ-ਪਾਠ ਦੇ ਨਾਲ-ਨਾਲ ਕਿਸੇ ਹੋਰ ਬਾਣੀ ਦਾ ਮੋਨ-ਪਾਠ ਵੀ ਪ੍ਰਵਾਣਤ ਨਹੀ। ਪਰ ਅੱਜ-ਕੱਲ੍ਹ ਤਾਂ ਇਹ ਰਿਵਾਜ ਚਲਾ ਦਿੱਤਾ ਗਿਆ ਹੈ ਕਿ ਇੱਕੋ ਸਮੇਂ ਉਸੇ ਕਮਰੇ ਵਿੱਚ ਇੱਕ ਤੋਂ ਜ਼ਿਆਦਾ ਪਾਠ ਜਾਣੀ ਕਿ 30-30 ਪਾਠ ਵੀ ਕਈ ਗੁਰਦੁਆਰਿਆਂ ਵਿੱਚ ਕੀਤੇ ਜਾਂਦੇ ਸੁਣੀਂਦੇ/ਦੇਖੇ ਹਨ ਜੋ ਗੁਰਮਤਿ ਦੇ ਅਨੁਸਾਰ ਨਹੀਂ। ਇਸ ਕਰਕੇ ਇਹ ਮਤਾ ਪਾਸ ਕੀਤਾ ਜਾਂਦਾ ਹੈ ਕਿ:

ੳ. ਇੱਕੋ ਕਮਰੇ ਜਾਂ ਹਾਲ ਵਿੱਚ ਇੱਕੋ ਸਮੇਂ ਇੱਕ ਤੋਂ ਜ਼ਿਆਦਾ ਬੀੜਾਂ ਤੋਂ ਪਾਠ ਨਾ ਕੀਤੇ ਜਾਣ। ਇਸ ਤਰ੍ਹਾਂ ਕਰਨ ਨਾਲ ਗੁਰਬਾਣੀ ਦਾ ਘੋਰ ਨਿਰਾਦਰ ਕੀਤਾ ਜਾਂਦਾ ਹੈ ਜੋ ਕਿ ਗੁਰਮਤਿ ਦੇ ਅਨਕੂਲ ਨਹੀ।

ਅ. ਅਸੀਂ ਅਕਾਲ ਤਖ਼ਤ 'ਤੇ ਐਸ.ਜੀ.ਪੀ. ਸੀ. ਨੂੰ ਨਿਮਰਤਾ ਸਹਿਤ ਬੇਨਤੀ ਕਰਦੇ ਹਾਂ ਕਿ ਇਸ ਪਰੰਪਰਾ ਨੂੰ ਤੁਰੰਤ ਬੰਦ ਕਰਨ ਦਾ ਹਰ ਸੰਭਵ ਵਸੀਲਾ ਅਖ਼ਤਿਆਰ ਕਰੇ।

## 3. India's Independence and Republic day celebrations in gurudwaras:

On august 15th 1947, which is known as India's Independence Day, we Sikhs did not attain

independence, rather we merely changed masters. On January 26 1950, which is known as India's Republic day, our identity as a "Niara Panth" was taken away from us and we were classified as Hindus. In due course Anand Marriage Act was annulled and our marriages were brought under Hindu Marriage Act. Until recently the calculated efforts of India's foreign ministry were directed only at demand of siropas by its diplomatic corps in diaspora gurudwaras to present the facade of friendly relations between ruling class and the Sikh minority. This assembly is very alarmed by the very recent trend of celebration of India's Independence and Republic days in Guru Nanak Sikh Gurudwara of surrey, British Columbia and appeals to the diaspora Sikh community to not only refrain from this new trend but also put an end to the practice of presenting Siropas to Indian diplomats.

**4. Singh Sabha International as core organization**

Most of the ills of our society spring from the absence of a central Sikh body to provide proper guidance to the Sikh people in accordance with the authentic teachings of Sikhi. This has resulted in the prevalence of chaotic conditions in the religious, political and social sphere of Sikhi. Hence, it is imperative that central body capable of giving guidance to the Sikhs worldwide be organized and sustained at public expense. Therefore, this assembly resolves to designate Singh Sabha International as the core organization to provide vital guidance and to support it.

**5.** All the resolutions adopted in Sydney, Australia on September 19, 2004.

## Sikh Council Of Australia Inc

### Resolutions adopted at the Conference:

Motions:

The First World Sikh Conference held on 18th and 19th of September 2004 in Sydney Australia under the auspices of The Sikh Council Of Australia calls upon the leadership and management of the SGPC Amritsar to:

A. Stop un-Sikh practices which have made inroads into the Historical and other Gurudwaras under the direct control of SGPC or amiable to its influence, such as:

1. Performing of multiple Akhand Paths in the Gurudwaras.
2. Ready made Akhand Paths and Sadharan Paths.
3. Accord Dasam Granth the same status as Sri Guru Granth Sahib and performing Akhand Path Of Dasam Granth at Damdami Taksal, Nihang Deras, Takhat Patna Sahib and Takhat Hazur Sahib and sacrifice of Goats at Hazur Sahib.
4. Refusal to women to perform Kirtan at Darbar Sahib.

B. Appointment of Mukh Sewadar of Sri Akal Takhat Sahib.

1. Since all Sikhs acknowledge the supremacy of Sri Akal Takht as the manifestation of absolute and sovereign existence and glory of Sri Gur Granth Sahib and Sri Guru Khalsa Panth and since SGPC has jurisdiction only on Gurudwaras in Punjab, Himachal and Haryana, be it resolved that Sikhs in other parts of India and the diaspora have an

equal say in the selection of the Mukh Sewadar of Sri Akal Takhat Sahib.

C. A Chapter of Singh Sabha International be established in Australia.

D. The conference also endorses the resolutions one through seven as attached.

## SINGH SABHA INTERNATIONAL CONFERENCE

**Resolutions presented at Melaka, Malaysia**

**I. Mohali Convention 2003:**

Diaspora Sikhs endorse the resolutions passed at the October 26,2003 World Sikh Convention in Mohali.

**In brief this convention achieved the following:**

1. *Unequivocally reasserted the sole Guruship of the Sikh Panth by The Sovereign and Eternal Sri Guru Granth Sahib, as per the command of Guru Gobind Singh and the Panth approved Sikh Rehat Maryada.*
2. *Challenged the Sikh Panth to take action against anti Gurmat and anti Rehat Maryada practice of installing the so called Dasam Granth alongside Sri Guru Granth Sahib at Takhat Sri Patna Sahib, Takhat Sri Hazoor Sahib, Damdami Taksal and other such organizations and seminaries and against Giani Joginder Singh Vedanti for editing and publishing the blasphemous book 'Gurbilas Patshahi-6'.*
3. *Reaffirmed the supremacy of Sri Akal Takhat as the manifestation of absolute and sovereign existence and glory of Sri Guru Granth Sahib and Sri Guru Khalsa Panth.*
4. *Unambiguously rejected the title of Jathedar assumed by an individual appointed by an individual politician or a committee, thus separating the Institution of Akal Takhat from a human individual.*
5. *Demanded the restoration of the Panthic practice and tradition of Sarbat Khalsa to clarify and define the concept of Sri Akal Takhat Sahib and the qualifications, duties and title of its sewadar.*
6. *Specified that only those Sikh institutions and organizations that fully abide by the Panth-approved Rehat Maryada all over the world should take part in such a Sarbat Khalsa and its decisions be implemented as 'Gurmatas'.*
7. *Till such a gathering is held, all the hukamnamas and directives excommunicating the Sikhs from the Panth were declared null and void.*
8. *One resolution paid a special tribute to the 'martyrs' of anti Gurmat highhandedness of 'thekedars' of Sikhi such as excommunication of Prof. Gurmukh Singh (1887), Giani Bhag Singh (1977), Gurbakhash Singh Kala Afghana (2003) and the 1997 'langar hukamnama' excommunication of Balwant Singh Gill, Jarnail Singh Bhandal, Late Tara Singh Hayer, Giani Harkirat Singh, Pritam Singh Sandhu and Kashmir Singh Dhaliwal, all of British Columbia, Canada; and harassment of Prof. Gurtej Singh, Professor of Sikhism and S. Joginder Singh, Editor of Spokesman Weekly.*

9. *Recognized the necessity of the existence of the Shiromani Akali Dal for safeguarding the religious, political and other interests of the Sikhs and took strong exception to the hijacking of SAD by anti Panthic forces that have changed its character to so called 'Punjabi Party'.*
10. *Called for reform in Gurdwara management to free them from the clutches of the politicians and turn them into centers of 'gurmat parchar'.*
11. *Called upon the majority community, especially its extremist organization RSS, to adopt a positive attitude towards country's minority communities and acknowledge Sikhs as a distinct entity.*

**II. Guru Granth Sahib and *pahul***

For every person who regards himself as a Sikh, the belief that *Guru Granth Sahib* is our eternal living Guru and the only canonised scripture is imperative. The command of the Tenth Nanak to regard it as such is an integral part of the Sikh faith and the essence of the teachings of ten Nanaks. Enemies of the faith and those seeking the annihilation of the Sikh panth have always sought to undermine the status and salience of the Sikh scripture.

As a result of that all those who defy the basic Sikh belief and propagate against it and discourage the taking of *pahul*, in one way or the other, have been fully supported by any party forming a government in India. One expression of it is the wide support given by different governments to deh-dhari sants and babas. The second is the full-scale undeclared war on those who take the *pahul* and on the very concept of *pahul* and the Khalsa *rahit*. Thirdly, the so-called *dasamgranth* has been propped up as the alternate scripture with a view to absorption of the Sikhs back into the Hindu fold. Unfortunately, even the two Takaths, Patna Sahib and Hazoor Sahib, do the parkash of Dasam Granth side by side with Guru Granth Sahib and no authoritative Sikh body or institution has ever questioned this practice. Non-appreciation of this fact is the sole reason why our '*dharam parchar*' efforts have stubbornly refused to yield results.

Therefore, it is resolved that this is the goal that the Singh Sabha International will pursue relentlessly and invites all others to join in the effort. All those who deem themselves Sikhs, must subscribe to this and must further strive, shunning all cant, superstition and ritual, for the propagation of the remarkable spiritual truths enshrined in our only scripture. We must be all united in this fundamental effort deeming it necessary for the continued existence of our faith to the benefit of the entire human race.

For this laudable purpose we must set up institutions to explain the Word contained in *Guru Granth Sahib* to all people and in all the known languages. All must cooperate in a bid to serve humanity as directed by our Gurus. Our only aim should be to pursue the goal of making the great principles and traditions known to anyone who is curious enough to know them, so that this world may become the veritable garden of plenty and happiness. (*tan man haria hoia, man khiria haria bagh; agiaan andhera mit gia,gur chaanann gian chirag)*.

**III. Religion and Culture**

We all agree, and rightly so, that Sikhism's message of One God and oneness of humanity has universal appeal, and the message of Guru Granth

Sahib, that in addition to the baanis of the Gurus includes the writings of both the Hindu and Muslim bhagats, is not culturally specific, other than having drawn examples from the cultural milieu in which it evolved. It is, therefore, imperative, that we clearly distinguish religious principles from cultural practices so that Sikhism finds acceptance in any culture in this diverse global village.

### IV. Sikh Rahit Maryada

The basic Sikh doctrine clearly lays down that the ends of spirituality are best served while holding fast to rationality and good sense. It further has been designated the only pathway to becoming truly honorable. (*akli sahib saveeai akli payeeai maan*). Guru's unambiguous instructions are that a Sikh is never to let go of the discerning intellect (*budh bibeka*). Many prayers to God to grant such discerning intellect adorn the Sikh scripture, Guru Granth Sahib. For the most part, the Sikh Rahit Maryada adopted by the Guru Khalsa panth is in accordance with the Guru's instructions. In spite of it all, the politicians have maneuvered matters that superstition, formalism, ritualism and make-believe have come to occupy the centre stage in the practise of Sikhi.

Since its formulation in 1935 and acceptance by SGPC in 1936 the Sikh Rehat Maryada has not only undergone many unauthorized changes, it has also been totally ignored even in the SGPC controlled Gurdwaras, especially since the 1947 partition of the country. Over the last three years Singh Sabha International has repeatedly passed resolutions and forwarded them along to the SGPC and Akal Takhat sewadars requesting that Rehat Maryada should be followed at least in the Gurdwaras under their control, but we never even received an acknowledgment.

We also know that some practices prescribed in the current Rehat Maryada are clearly contrary to Gurmat and in conflict with the teachings of the AGGS. Since SSI's mission statement is: ***"Ensure, safeguard and promote correct exposition of the teachings of Aad Guru Granth Sahib; Interpretation of Gurbani and representation of Sikhi in their real perspective and Project and popularize healthy and proper image of Sikh culture and institutions."*** It is therefore incumbent upon us to take steps to bring Rehat Maryada in compliance with the Gurbani in the AGGS by incorporating necessary reforms.

To that effect this assembly requests that the SSI constitute a committee of Sikh scholars, well versed in Gurbani, to re-exmanine the entire original Rahit Maryada and bring it into compliance with Gurbani and present it to the Panth.

In the meantime we should rid ourselves of the following un-Sikh-like practices prevalent in many religious places, which are clearly in violation of current Rahit Maryada

**1).** The practice of absentee and multiple akhand paths (continuous reading of the scripture) is the most prominent one. At its best the proceedings denote a ritual for we are strictly instructed that the bani is a Guru, a teacher laying down what needs to be lived in real life and not something to be repeated in the fashion of a magical formula or a mantra. In violation of the rahit Maryada, this is done for the benefit of a devotee who is often busy pursuing his daily business thousands of miles away. To this has been added the practice of 'ready made akhand paths' available for purchase by one and all. Many Gurdwaras including those in the shadow of the central Sikh shrine Darbar Sahib,

rooms are made available for practicing this ritual.'Multi-akhandpath rooms in prestigious new gurdwaras are now a common part of the gurdwara architecture (for example, Singh Sabha, Southall). This enables many devotees to practice the farce and makes the proceedings economically most profitable for the institution. It results in perpetuating a corrupt clergy class existence of which is not sanctioned in Sikhi.

All this is in violation of the rahit maryada and the clear instructions of the Guru and must be immediately discontinued. We pledge ourselves never to resort to the practice and request our brothers in faith to make the daily reading of Guru Granth Sahib a habit and to abandon the ritualism of akahandpath which is corrupting in everyway.

**2).** Connected with that is the practice of offering rumalas or robes for the Guru Granth at Gurdwaras. This has now become a meaningless ritual and is leading to the wastage of people's money, which should legitimately be used for aiding the less privileged. The situation is so bad that during this last celebration of the 400th anniversary of installation of Adi Granth Sahib, the sale of rumalas at one shop which sells rumalas in the price range of one to two hundred rupees, for a single day came to 98000 rupees. Rumalas are piling up in Gurdwaras, which have to build special rooms to store them. Due to superstition, no non-sacred use is found for them and the problem of disposal is becoming unmanageable.

SSI suggests that the gurdwara funds be utilized for purchase of suitable rumalas in future in the required number and the people be discouraged from offering rumalas. Our people should be made to realize that for a person having the irresistible urge to offer cloth, the right place to do so are the un-clad and ill-clad poor people of the locality. Our people need to be reminded of the Guru's instructions that 'aid to a deserving man is a gift to God' (*garib da muhn guru di golak*). To celebrate the Guru's instructions on the subject, all the members of the SSI hereby resolve never to offer rumalas at any gurdwara where they are not needed. They also resolve to try and make these views universally acceptable among the Sikh people.

**3).** Superstition, wastage of precious resources on anti-Gurmat *karam kands* and other practices that need immediate attention and denunciation by local sangats:

a. Hemkunt yatra;
b. Destruction of Sikh heritage and historical monuments;
c. Institution of langar has reached a stage where it needs reform;
d. Special celebration of *saradhs, masaya and pooranmashi*;
e. Offering of *mahan di daal* and mustard oil on Saturdays;
f. Mythihas and *kachi baani* as part of service in the Gurdwaras;
g. Undue influence of Sikh sects and Sant Babas on mainstream Sikhi and Sikh institutions;
h. Discrimination based on sex in participation in religious functions in historical Gurdwaras in clear violation of Gurus' teachings.

**V. 1984 Ghalughara**

This assembly is painfully aware of the carnage unleashed by the armed forces of India against

its own unarmed men, women and children pilgrims assembled at Darbar Sahib Amritsar in 1984 and subsequent genocide of Sikhs in its capital and other major cities with the connivance of the highest political authority after the assassination of the architect and executioner of the attack on Darbar Sahib and demands that:

a. An unqualified apology be forthcoming from both the government of India and the political party in power at that time;
b. Individuals responsible for their crimes be punished;
c. Due compensation be paid to the victim individuals, families and institutions;
d. Sikh library removed from the premises at Darbar Sahib during the armed attack be returned without delay and with full and complete accounting;
e. Dharmi faujis be properly compensated;
f. Sikh youth incarcerated in Indian jails be immediately released and compensated;
g. Complete list of the dead and missing be provided and the circumstances under which they were killed or went missing be made public.

**VI. Sikhs' Right to wear Turban**

This assembly takes grave notice of the French government's insistence to deny access to public education to the Sikh children on the basis of their observance of Sikh Rehit. This in spite of repeated representations to the French government by various national and international Sikh organizations and institutions, including the governments of Punjab and India and the sacrifices of the Sikh soldiers in defence of France in two World wars. The latest indication that the French government will resolve this issue in terms that are fair and equitable to the Sikh citizens of France came from Prime Minister Sardar Manmohan Singh during his speech at Darbar Sahib at the occasion of the 400th Anniversary of the first installation of Adi Granth Sahib.

This assembly, therefore, appeals to the French sense of justice to not to impinge on the basic human right to freely practice one's faith and a Sikh turban is an article of Sikh heritage, honour and faith.

**VII. Punjab River Waters**

After going through the various legal provisions connected with the case of Punjab River Waters, we are aware that it is a blatant illegality and total defiance of the written constitution of India which is responsible for the water of Ravi, Beas and Sutlej being taken out of the state to neighbouring states of Rajasthan, Haryana and Delhi. It is also in defiance of the riparian principles enshrined in the constitutions of all the principal federations of the world, the Helsinki Rules, the Common law of United Kingdom and the UNO sponsored understandings arrived at willingly by the member nations.

After having critically examined the attitude of the leading politicians in India since 1947, to the question of Punjab's River Water, and after going through the attitude of the judiciary as expressed in dealing with the various cases relating to the water issue brought before it, we are of the opinion that a clear design to render the Punjab into a desert and to ruin its farming people is discernible in their doings.

We apprehend that a grave human tragedy is looming large over the land of our ancestors. The very thought of seeing Punjab's lush green fields, that have served as a granary for not only Punjab but the entire

country of India, turning into a landscape of sand dunes is heartrending for us.

**We therefore resolve as follows:**

1). To make every one concerned aware of the plunder of the Punjab's river water and consequently impending tragedy;

2). To take all kinds of legal action within our means at all levels, including the United Nations, to forestall this tragedy.

✪✪✪✪✪

## ਚੰਡੀਗੜ੍ਹ ਦੇ ਸੰਮੇਲਨ ਦੀਆਂ ਅਖ਼ਬਾਰੀ ਰਿਪੋਟਾਂ

## ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸਿੱਖਾਂ ਦੇ ਇੱਕੋ-ਇੱਕ ਗੁਰਗੱਦੀ ਪ੍ਰਾਪਤ ਸ਼ਬਦ-ਗੁਰੂ

ਤਰਲੋਚਨ ਸਿੰਘ, ਚੰਡੀਗੜ੍ਹ, 16 ਅਕਤੂਬਰ: ਇੱਥੇ ਹੋਏ ਦੂਜੇ ਵਿਸ਼ਵ ਸਿੱਖ ਸੰਮੇਲਨ ਦੇ ਪਹਿਲੇ ਦਿਨ ਦੌਰਾਨ ਸਿੱਖ ਵਿਦਵਾਨਾਂ ਵੱਲੋਂ ਕੀਤੀ ਖੁੱਲ੍ਹੀ ਵਿਚਾਰ-ਚਰਚਾ ਤੋਂ ਬਾਅਦ ਸਿੱਟਾ ਕੱਢਿਆ ਗਿਆ ਕਿ ਗੁਰੂ ਗ੍ਰੰਥ ਸਾਹਿਬ ਹੀ ਸਿੱਖਾਂ ਦੇ ਇੱਕੋ-ਇੱਕ ਗੁਰਗੱਦੀ ਪ੍ਰਾਪਤ ਸ਼ਬਦ-ਗੁਰੂ ਹਨ ਅਤੇ ਇਹ ਮਹਾਨ ਗ੍ਰੰਥ ਦਸ (10) ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦਾ ਸੁਮੇਲ ਹੈ। ਬੁਲਾਰਿਆਂ ਨੇ ਤੱਥਾਂ ਸਹਿਤ ਸ਼ੰਕੇ ਜ਼ਾਹਰ ਕੀਤੇ ਕਿ ਮੁੱਢ ਤੋਂ ਹੀ ਕੁਝ ਪ੍ਰਮੁੱਖ ਸਿਆਸੀ ਵਿਅਕਤੀਆਂ ਵੱਲੋਂ ਘੜੀ ਸਾਜ਼ਿਸ਼ ਤਹਿਤ ਗੁਰੂ ਗ੍ਰੰਥ ਸਾਹਿਬ ਵਿਰੁੱਧ ਦੇਹਧਾਰੀ ਗੁਰੂਆਂ ਦੇ ਹੱਕ ਵਿੱਚ ਪ੍ਰਚਾਰ ਕਰ ਕੇ ਢਾਹ ਲਾਉਣ ਦੇ ਯਤਨ ਕੀਤੇ ਜਾ ਰਹੇ ਹਨ।

ਸੰਮੇਲਨ ਨੇ ਸਿੱਖ ਪੰਥ ਨੂੰ ਵਹਿਮਾਂ-ਭਰਮਾਂ ਅਤੇ ਕਰਮ-ਕਾਂਡਾਂ ਨੂੰ ਤਿਆਗ ਕੇ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣ ਦਾ ਸੱਦਾ ਦਿੱਤਾ। ਇਸੇ ਤਰ੍ਹਾਂ ਪੰਜਾਬ ਦੇ ਦਰਿਆਈ ਪਾਣੀਆਂ ਉੱਪਰ ਹੋਈ ਚਰਚਾ ਦੌਰਾਨ ਦੋਸ਼ ਲਾਇਆ ਕਿ ਹਿੰਦੁਸਤਾਨ ਦੇ ਸੰਵਿਧਾਨ ਦੀ ਉਲੰਘਣਾ ਕਰ ਕੇ ਰਾਵੀ, ਬਿਆਸ ਅਤੇ ਸਤਲੁਜ ਦਾ ਪਾਣੀ ਪੰਜਾਬ ਤੋਂ ਖੋਹ ਕੇ ਰਾਜਸਥਾਨ, ਹਰਿਆਣਾ ਅਤੇ ਦਿੱਲੀ ਨੂੰ ਦਿੱਤਾ ਜਾ ਰਿਹਾ ਹੈ। ਬੁਲਾਰਿਆਂ ਨੇ ਦੋਸ਼ ਲਾਇਆ ਕਿ ਪੰਥ-ਵਿਰੋਧੀ ਤਾਕਤਾਂ ਪਾਣੀਆਂ ਦੇ ਮੁੱਦੇ ਸਿੱਖਾਂ ਨਾਲ ਜੋੜ ਕੇ ਜਿੱਥੇ ਸਿੱਖ ਕੌਮ ਨੂੰ ਬਦਨਾਮ ਕਰਨ ਦੀ ਚਾਲ ਚੱਲ ਰਹੀਆਂ ਹਨ ਉੱਥੇ ਪੰਜਾਬ ਦਾ ਪਾਣੀ ਖੋਹਣ ਲਈ ਹਰੇਕ ਹਰਬਾ ਵਰਤ ਰਹੀਆਂ ਹਨ।

ਵਿਸ਼ਵ ਸਿੱਖ ਸੰਮੇਲਨ ਅੱਜ ਸਵੇਰੇ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ 30 ਏ ਵਿੱਚ ਸ੍ਰੀ ਹਰਦੇਵ ਸਿੰਘ ਸ਼ੇਰਗਿੱਲ ਅਮਰੀਕਾ, ਡਾ. ਗੁਰਬੀਰ ਸਿੰਘ ਢਿੱਲੋਂ ਅਤੇ ਚਰਨਜੀਤ ਸਿੰਘ ਦਿੱਲੀ ਦੀ ਅਗਵਾਈ ਹੇਠ ਹੋਇਆ। ਸੰਮੇਲਨ ਦੇ ਮਕਸਦ ਬਾਰੇ ਜਾਣਕਾਰੀ ਸ਼੍ਰੋਮਣੀ ਖ਼ਾਲਸਾ ਪੰਚਾਇਤ ਦੇ ਕਨਵੀਨਰ ਰਜਿੰਦਰ ਸਿੰਘ ਨੇ ਦਿੱਤੀ। ਪਹਿਲੇ ਪੜਾਅ ਵਿੱਚ ਮਲੇਸ਼ੀਆ, ਥਾਈਲੈਂਡ, ਆਸਟਰੇਲੀਆ, ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਵਿਖੇ ਸੰਮੇਲਨ ਕੀਤੇ ਜਾ ਚੁੱਕੇ ਹਨ। ਸੰਮੇਲਨ ਵਿੱਚ ਦੋ ਵਿਸ਼ਿਆਂ "ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਅਤੇ ਖੰਡੇ-ਬਾਟੇ ਦੀ ਪਾਹੁਲ ਦੇ ਮਹੱਤਵ ਨੂੰ ਦਰਪੇਸ਼ ਚੁਣੌਤੀਆਂ" ਅਤੇ "ਪੰਜਾਬ ਦੇ ਦਰਿਆਈ ਪਾਣੀਆਂ ਦਾ ਮਸਲਾ: ਇਤਿਹਾਸ, ਕਾਨੂੰਨੀ ਸਥਿਤੀ ਤੇ ਭਵਿੱਖ" ਉੱਪਰ ਵਿਚਾਰ-ਚਰਚਾ ਹੋਈ। ਪਹਿਲੇ ਵਿਸ਼ੇ ਦੇ ਮਤੇ ਦਾ ਖਰੜਾ ਪ੍ਰੋਫ਼ੈਸਰ ਕੁਲਬੀਰ ਸਿੰਘ ਨੇ ਪੇਸ਼ ਕੀਤਾ। ਇਸ ਉੱਪਰ ਚਰਚਾ ਸ਼ੁਰੂ ਕਰਦਿਆਂ ਮਿਸ਼ਨਰੀ ਕੰਵਰਦੀਪ ਸਿੰਘ ਨੇ ਕਿਹਾ ਕਿ ਕੁਝ ਕਰਮ-ਕਾਂਡ 'ਚ ਉਲਝੇ ਸਿੱਖ ਕੌਮ ਦੇ ਅਖ਼ੌਤੀ ਆਗੂ ਇੱਕ ਸਾਜ਼ਿਸ਼ ਤਹਿਤ ਪੁਰਾਤਨ ਗੁਟਕਿਆਂ, ਗ੍ਰੰਥਾਂ ਅਤੇ ਲਿਖਤਾਂ ਨੂੰ ਬਿਰਧ ਹੋਣ ਦਾ ਬਹਾਨਾ ਲਾ ਕੇ ਨਸ਼ਟ ਕਰ ਰਹੇ ਹਨ। ਡਾ. ਗੁਰਸ਼ਰਨਜੀਤ ਸਿੰਘ ਅੰਮ੍ਰਿਤਸਰ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਭ ਤੋਂ ਵੱਡੀ ਚੁਣੌਤੀ ਇਸ ਦਾ ਬ੍ਰਾਹਮਣਵਾਦੀ ਅੰਦਾਜ਼ ਵਿੱਚ ਵਿਖਿਆਨ ਕਰਨਾ ਹੈ। ਦੂਸਰੀ ਚੁਣੌਤੀ ਸ਼੍ਰੋਮਣੀ ਕਮੇਟੀ ਦੀ ਲਾਪ੍ਰਵਾਹੀ ਕਾਰਨ ਗ੍ਰੰਥ ਸਾਹਿਬ ਦੀ ਛਪਾਈ ਵਿੱਚ ਹੋ ਰਹੀਆਂ ਗ਼ਲਤੀਆਂ ਹਨ ਜਿਸ ਕਾਰਣ ਅਰਥਾਂ ਨੂੰ ਅਰਥਹੀਣ ਕੀਤਾ ਜਾ ਰਿਹਾ ਹੈ। ਤੀਸਰਾ ਕਾਰਣ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਚਾਰ ਤੇ ਸੰਦੇਸ਼ ਦੁਨੀਆ ਭਰ ਵਿੱਚ ਦੇਣ ਤੋਂ ਅਸਮਰਥ ਰਹਿਣਾ ਹੈ।

ਹੁਣ ਕੁਝ ਵਿਅਕਤੀਆਂ ਵੱਲੋ ਇੱਕ ਸਾਜ਼ਿਸ਼ ਤਹਿਤ ਦਸਮ ਗ੍ਰੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ਰੀਕ ਬਣਾ ਕੇ ਪੇਸ਼ ਕਰਨ ਨਾਲ ਇੱਕ ਨਵੀਂ ਚੁਣੌਤੀ ਸਾਹਮਣੇ ਆਈ ਹੈ। ਉਨ੍ਹਾਂ ਕਿਹਾ ਕਿ ਇਸ ਸੰਮੇਲਨ ਵਿੱਚ ਸ਼ਾਮਲ ਕੀਤੇ ਤਿੰਨ ਮੁੱਦਿਆਂ ਉੱਪਰ ਸਮੁੱਚੀ ਕੌਮ ਇੱਕ-ਮੱਤ ਹੈ ਅਤੇ ਹੁਣ ਰਵਾਇਤੀ ਤੇ ਸਥਾਪਤ ਧਿਰਾਂ ਕੋਲ ਕਹਿਣ ਲਈ ਕੁਝ ਨਹੀਂ ਰਿਹਾ। ਖੰਡੇ-ਬਾਟੇ ਦੀ ਪਾਹੁਲ ਦੇ ਮਹੱਤਵ ਉੱਪਰ ਵੀ ਚਾਨਣਾ ਪਾਇਆ ਗਿਆ।

ਸ੍ਰੀ ਗੁਰਤੇਜ ਸਿੰਘ ਨੇ ਕਿਹਾ ਕਿ ਇਨ੍ਹਾਂ ਵਿਸ਼ਵ ਸੰਮੇਲਨਾਂ ਦਾ ਮੁੱਖ ਮੁੱਦਾ ਸਰਬੱਤ ਖ਼ਾਲਸਾ ਉਸਾਰਨਾ ਹੈ ਅਤੇ ਹੁਣ ਸਰਬੱਤ ਖ਼ਾਲਸਾ ਬਿਨਾਂ ਕੋਈ ਚਾਰਾ ਨਹੀਂ ਹੈ ਕਿਉਂਕਿ ਪੰਜਾਬੀ ਪਾਰਟੀ ਬਣਾ ਕੇ ਸਿੱਖ ਸਿਆਸਤ ਉੱਪਰ ਕਾਬਜ਼ ਅਜੋਕੀ ਲੀਡਰਸ਼ਿਪ ਸਿੱਖ ਕੌਮ ਨੂੰ ਦੇਹਧਾਰੀ ਗੁਰੂਆਂ, ਡੇਰਿਆਂ ਤੇ ਬਾਬਿਆਂ ਦੇ ਵੱਸ ਪਾ ਕੇ ਮਹਿਜ਼ ਵੋਟਾਂ ਹੜੱਪਣ ਤੱਕ ਸੀਮਤ ਹੈ। ਇਨ੍ਹਾਂ ਦਾ ਇੱਕੋ-ਇੱਕ ਮਕਸਦ ਸੱਤਾ ਹਾਸਲ ਕਰਨਾ ਹੈ।

ਪਰਿਵਾਰਵਾਦ ਤੇ ਤਾਨਾਸ਼ਾਹੀ ਅਨਸਰਾਂ ਤੋਂ ਛੁਟਕਾਰਾ ਪਾਉਣ ਲਈ ਉਨ੍ਹਾਂ ਨੇ ਗੁਰਗੱਦੀ ਦਿਵਸ ਮੌਕੇ 2008 ਦੌਰਾਨ ਸਰਬੱਤ ਖ਼ਾਲਸਾ ਉਸਾਰਨ ਦਾ ਅਹਿਦ ਕੀਤਾ ਹੈ। ਸਿੱਖ ਸੰਮੇਲਨ ਉੱਪਰ ਕੁਝ ਧਿਰਾਂ ਵੱਲੋਂ ਕੀਤੀਆਂ ਜਾ ਰਹੀਆਂ ਟਿੱਪਣੀਆਂ ਨੂੰ ਰੱਦ ਕਰਦਿਆਂ ਉਨ੍ਹਾਂ ਕਿਹਾ ਕਿ ਪ੍ਰੈੱਸ ਵੀ ਮੌਕੇ ਦੇ ਹਾਕਮਾਂ ਦੀ ਹਾਮੀ ਭਰਦੀ ਆ ਰਹੀ ਹੈ ਪਰ ਉਨ੍ਹਾਂ ਨੂੰ ਇਸ ਉੱਪਰ ਕੋਈ ਗਿਲ਼ਾ ਨਹੀਂ ਹੈ। ਇਸ ਵਿਸ਼ੇ ਉੱਪਰ ਮਹਿੰਦਰ ਸਿੰਘ ਜੋਸ਼, ਗਿਆਨੀ ਹਰਬੰਸ ਸਿੰਘ ਤੇਗ ਨੇ ਵੀ ਵਿਚਾਰ ਪੇਸ਼ ਕੀਤੇ।

ਪਾਣੀਆਂ ਦੇ ਮੁੱਦੇ ਉੱਪਰ ਡਾ. ਗੁਰਬੀਰ ਸਿੰਘ ਢਿੱਲੋਂ, ਡਾ. ਸੁਖਜੀਤ ਕੌਰ ਗਿੱਲ, ਸ਼੍ਰੋਮਣੀ ਖ਼ਾਲਸਾ ਦਲ ਦੇ ਕਾਰਜਕਾਰੀ ਪ੍ਰਧਾਨ ਸਵਰਨ ਸਿੰਘ ਖ਼ਾਲਸਾ, ਡਾ. ਇਕਬਾਲ ਸਿੰਘ ਅਤੇ ਸੁਖਦੇਵ ਸਿੰਘ ਨੇ ਆਪਣੇ ਵਿਚਾਰ ਪੇਸ਼ ਕੀਤੇ। ਸੰਮੇਲਨ ਦੌਰਾਨ ਇਸ ਮੁੱਦੇ ਉੱਪਰ ਮੁੱਖ ਤੌਰ ’ਤੇ ਇਹ ਗੱਲ ਉੱਭਰੀ ਕਿ ਹਿੰਦੁਸਤਾਨ ਸਰਕਾਰ ਪ੍ਰਮੁੱਖ ਸੰਘਾਂ ਦੇ ਸੰਵਿਧਾਨਾਂ, ਰਿਪੇਰੀਅਨ ਅਸੂਲਾਂ, ਹੇਲਸਿੰਕੀ ਕਾਨੂੰਨ, ਇੰਗਲੈਂਡ ਦੇ ਪਾਣੀ-ਕਾਨੂੰਨਾਂ ਅਤੇ ਸੰਯੁਕਤ ਰਾਸ਼ਟਰ ਸੰਘ ਅਧੀਨ ਪ੍ਰਵਾਨਤ ਸਮਝੌਤਿਆਂ ਦੀ ਉਲੰਘਣਾ ਕਰ ਕੇ ਪੰਜਾਬ ਦਾ ਪਾਣੀ ਹੜੱਪਣ ਲਈ ਯਤਨਸ਼ੀਲ ਹੈ। ਇਹ ਮਾਮਲਾ ਯੂ.ਐਨ.ਓ ਵਿਖੇ ਉਠਾਉਣ ਦੀ ਮੰਗ ਵੀ ਉੱਠੀ। ਇਸ ਮੌਕੇ ਪ੍ਰਿੰਸੀਪਲ ਗੁਰਬਖ਼ਸ਼ ਸਿੰਘ ਸ਼ੇਰਗਿੱਲ ਸਮੇਤ ਹੋਰ ਨਾਮਵਰ ਸ਼ਖ਼ਸੀਅਤਾਂ ਵੀ ਮੌਜੂਦ ਸਨ। ਮਤਿਆਂ ਦੇ ਖਰੜਿਆਂ ਉੱਪਰ ਸੰਗਤਾਂ ਵਿੱਚੋਂ ਵੀ ਸਵਾਲ ਕੀਤੇ ਗਏ। ਸਿੰਘ ਸਭਾ ਇਟਰਨੈਸ਼ਨਲ ਅਮਰੀਕਾ ਦੇ ਹਰਦੇਵ ਸਿੰਘ ਸ਼ੇਰਗਿੱਲ ਨੇ ਸਮਾਪਤੀ ਭਾਸ਼ਨ ਕੀਤਾ। ਸੰਮੇਲਨ ਦੇ ਦੂਜੇ ਦਿਨ 17 ਅਕਤੂਬਰ ਨੂੰ “ਸਿੱਖ ਰਹਿਤ ਮਰਿਆਦਾ ਅਤੇ ਸਿੱਖੀ ਸਰੂਪ: ਉਪਦੇਸ਼, ਮੌਜੂਦਾ ਔਕੜਾਂ ਅਤੇ ਹੱਲ” ਵਿਸ਼ੇ ਉੱਪਰ ਵਿਚਾਰ-ਚਰਚਾ ਹੋਵੇਗੀ। ਅਖ਼ੀਰਲੇ ਸੈਸ਼ਨ ਵਿੱਚ ਪੇਸ਼ ਕੀਤੇ ਮਤਿਆਂ ਦੇ ਖਰੜਿਆਂ ਵਿੱਚ ਸੰਗਤ ਦੀ ਰਾਏ ਅਨੁਸਾਰ ਸੋਧ ਕਰ ਕੇ ਭਲਕੇ ਪ੍ਰਵਾਨਗੀ ਦਿੱਤੀ ਜਾਵੇਗੀ।

(ਧੰਨਵਾਦ ਸਹਿਤ ਪੰਜਾਬੀ ਟ੍ਰਿਬਿਊਨ 17 ਅਕਤੂਬਰ 2004)

✪✪✪✪✪

## ਸਿੱਖਾਂ ਨੂੰ ਕੇਵਲ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣ ਦਾ ਸੱਦਾ

ਚੰਡੀਗੜ੍ਹ, 17 ਅਕਤੂਬਰ (ਟ੍ਰਿਬਿਊਨ ਸਰਵਿਸ)- ਦੂਜੇ ਵਿਸ਼ਵ ਸਿੱਖ ਸੰਮੇਲਨ ਵਿੱਚ ਵਿਸ਼ਵ ਭਰ ਦੇ ਸਿੱਖਾਂ ਨੂੰ ਸੱਦਾ ਦਿੱਤਾ ਗਿਆ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁਕਾਬਲੇ ਹੋਰ ਗ੍ਰੰਥਾਂ ਨੂੰ ਸਥਾਪਤ ਕਰਨ ਦੀਆਂ ਸਾਜ਼ਿਸ਼ਾਂ ਨੂੰ ਠੱਲ੍ਹ ਪਾਉਣ ਲਈ ਜਾਗਰੂਕ ਹੋਣ ਅਤੇ ਦੇਹਧਾਰੀ ਗੁਰੂਆਂ, ਸੰਤਾਂ ਅਤੇ ਬਾਬਿਆਂ ਵੱਲੋਂ ਸਥਾਪਤ ਕੀਤੇ ਜਾ ਰਹੇ ਡੇਰਾਵਾਦ ਦਾ ਵਿਰੋਧ ਕਰਨ। ਸੰਮੇਲਨ ਵਿੱਚ ਪਾਸ ਕੀਤੇ ਪੰਜਵੇਂ ਮਤੇ ਰਾਹੀਂ ਪੰਜਾਬ ਅਸੈਂਬਲੀ ਪਾਸੋਂ ਮੰਗ ਕੀਤੀ ਗਈ ਕਿ ਹਿਮਾਚਲ ਪ੍ਰਦੇਸ਼, ਉਤਰਾਂਚਲ ਅਤੇ ਰਾਜਸਥਾਨ ਦੀਆਂ ਅਸੈਂਬਲੀਆਂ ਦੀ ਤਰਜ਼ ’ਤੇ ਪ੍ਰਵਾਸੀਆਂ ਦੇ ਜ਼ਮੀਨ ਜਾਇਦਾਦ ਖਰੀਦਣ ਅਤੇ ਵੋਟ ਦੇ ਅਧਿਕਾਰ ’ਤੇ ਪਾਬੰਦੀ ਲਾਉਣ ਲਈ ਤੁਰੰਤ ਕਾਨੂੰਨ ਪਾਸ ਕੀਤਾ ਜਾਵੇ। ਸੰਮੇਲਨ ਵਿੱਚ ਪਾਸ ਕੀਤੇ ਗਏ ਚੌਥੇ ਮਤੇ ਵਿੱਚ ਸਿੰਘ ਸਾਹਿਬਾਨ ਵੱਲੋਂ ‘ਸਪੋਕਸਮੈਨ’ ਦੇ ਸੰਪਾਦਕ ਸ੍ਰੀ ਜੋਗਿੰਦਰ ਸਿੰਘ ਨੂੰ ਸਿੱਖ ਪੰਥ ਵਿੱਚੋਂ ਛੇਕਣ ਦੇ ਫ਼ੈਸਲੇ ਨੂੰ ਰੱਦ ਕਰ ਦਿੱਤਾ ਗਿਆ।

ਦਰਿਆਈ ਪਾਣੀਆਂ ਦੇ ਮਾਮਲੇ ਬਾਰੇ ਪਾਸ ਕੀਤੇ ਮਤੇ ਵਿੱਚ ਕਿਹਾ ਗਿਆ ਕਿ ਦਰਿਆਈ ਪਾਣੀਆਂ ਦੀ ਲੁੱਟ ਅਤੇ ਇਸ ਦੇ ਫਲ਼ਸਰੂਪ ਪੰਜਾਬ ’ਤੇ ਮੰਡਰਾ ਰਹੇ ਖ਼ਤਰੇ ਪ੍ਰਤੀ ਜਾਗਰੂਕ ਕੀਤਾ ਜਾਵੇ ਅਤੇ ਪੰਜਾਬ ਦਾ ਪਾਣੀ ਖੋਹਣ ਵਿਰੁੱਧ ਹਰ ਹੀਲਾ ਵਰਤਿਆ ਜਾਵੇ। ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ ਸਤਲੁਜ-ਯਮੁਨਾ ਲਿੰਕ ਨਹਿਰ ਨਾਲ ਸਬੰਧਤ ਸਾਰੀ ਮਸ਼ੀਨਰੀ ਤੇ ਪ੍ਰਬੰਧ ਨੂੰ ਤੁਰੰਤ ਭੰਗ ਕੀਤਾ ਜਾਵੇ।

ਸ਼੍ਰੋਮਣੀ ਖ਼ਾਲਸਾ ਪੰਚਾਇਤ ਦੇ ਕਨਵੀਨਰ ਸ੍ਰੀ ਰਜਿੰਦਰ ਸਿੰਘ ਨੇ ਸੰਮੇਲਨ ਦੀ ਸਮਾਪਤੀ ਮੌਕੇ ਐਲਾਨ ਕੀਤਾ ਕਿ ਅਗਲਾ ਵਿਸ਼ਵ ਸੰਮੇਲਨ ਚਾਰ-ਰੋਜ਼ਾ ਹੋਵੇਗਾ ਤੇ ਪਹਿਲੇ ਤਿੰਨ ਦਿਨ ਬੰਦ ਕਮਰਾ ਸੰਮੇਲਨ ਹੋਵੇਗਾ। ਇਨ੍ਹਾਂ ਤਿੰਨ ਦਿਨਾਂ ਵਿੱਚ ਸਿੱਖਾਂ ਦੇ ਧਾਰਮਕ, ਰਾਜਨੀਤਕ ਅਤੇ ਆਰਥਕ ਮਸਲਿਆਂ ਬਾਰੇ ਨਿਠ ਕੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ ਜਿਸ ਵਿੱਚ ਤਿੰਨ ਦਿਨਾਂ ਦੇ ਫ਼ੈਸਲੇ ਅਤੇ ਮਤੇ ਪਾਸ ਕਰਵਾਏ ਜਾਣਗੇ।

ਉਨ੍ਹਾਂ ਕਿਹਾ ਕਿ ਦੂਜੇ ਸੰਮੇਲਨ ਦੀ ਸਮਾਪਤੀ ਤੱਕ ਇਹ ਸਮਝ ਬਣੀ ਹੋਈ ਹੈ ਕਿ 2008 ਤੱਕ ਸਰਬੱਤ ਖ਼ਾਲਸਾ ਕਰਾਉਣ ਦੀ ਮੰਜ਼ਿਲ ਤੈਅ ਕਰ ਲਈ ਜਾਵੇਗੀ। ਉਨ੍ਹਾਂ ਕਿਹਾ ਕਿ ਸਾਲ 2008 ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੱਦੀ ਨਸ਼ੀਨੀ ਦਾ 300 ਸਾਲਾ ਦਿਵਸ ਹੋਵੇਗਾ ਤੇ ਉਸ ਮੌਕੇ ਹੀ ਸਰਬੱਤ ਖ਼ਾਲਸਾ ਹੋਵੇਗਾ। ਉਨ੍ਹਾਂ ਕਿਹਾ ਕਿ ਅਮਰੀਕਾ ਵਾਸੀ ਸ੍ਰੀ ਹਰਦੇਵ ਸਿੰਘ ਸ਼ੇਰਗਿੱਲ ਨੇ ਇਸ ਗੱਲ ਦੀ ਜ਼ਿੰਮੇਵਾਰੀ ਚੁੱਕੀ ਹੈ ਕਿ ਵਿਦੇਸ਼ਾਂ ਵਿੱਚ 11-12 ਸਿੱਖ ਸੰਮੇਲਨ ਕਰਵਾਏ ਜਾਣਗੇ। ਸ੍ਰੀ ਸ਼ੇਰਗਿੱਲ ਨੇ ਕਿਹਾ ਕਿ ਵਿਸ਼ਵ ਪੱਧਰ ’ਤੇ ਸਿੱਖਾਂ ’ਚ ਤਾਲਮੇਲ ਬਣਾਉਣ ਲਈ ਪੂਰੇ ਯਤਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਪ੍ਰਵਾਸੀ ਸਿੱਖਾਂ ਦੇ ਜਥੇਦਾਰਾਂ ਬਾਰੇ ਤਲਖ਼ ਤਜਰਬੇ ਹਨ। ਉਹ ਸਿੱਖਾਂ ਨੂੰ ਨੇੜੇ ਲਿਆਉਣ ਦੀ ਥਾਂ ਪਾੜੇ ਪਾਉਂਦੇ ਹਨ।

ਸਿੱਖ ਰਹਿਤ ਮਰਿਆਦਾ ਬਾਰੇ ਪਾਸ ਕੀਤੇ ਮਤੇ ਵਿੱਚ ਸੱਦਾ ਦਿੱਤਾ ਗਿਆ ਕਿ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਦੇ ਅਨੁਕੂਲ ਅਤੇ ਪੰਥ ਪ੍ਰਵਾਨਤ ਸਿੱਖ ਰਹਿਤ ਮਰਿਆਦਾ ਅਨੁਸਾਰ ਸਿੱਖ ਆਪਣੀ ਜੀਵਨ-ਜਾਚ ਨੂੰ ਢਾਲਣ। ਸੰਮੇਲਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਰਹਿਤ ਮਰਿਆਦਾ ਦੇ ਪ੍ਰਵਾਨਤ ਮੂਲ ਸਰੂਪ ਵਿੱਚ ਗੁਰੂ ਖ਼ਾਲਸਾ ਪੰਥ ਦੀ ਪ੍ਰਵਾਨਗੀ ਤੋਂ ਬਿਨਾਂ ਕੀਤੀਆਂ ਗੁਰਮਤਿ-ਵਿਰੋਧੀ ਤਬਦੀਲੀਆਂ ਦਾ ਗੰਭੀਰ ਨੋਟਿਸ ਲੈਂਦਾ ਹੈ ਤੇ ਮੰਗ ਕਰਦਾ ਹੈ ਕਿ ਗੁਰੂ ਖ਼ਾਲਸਾ ਪੰਥ ਦੀ ਵਿਸ਼ਵ-ਪੱਧਰੀ ਕਮੇਟੀ ਬਣਾ ਕੇ ਇਸ ਸਬੰਧੀ ਨਿਰਣਾ ਕੀਤਾ ਜਾਵੇ। ਗੁਰਦੁਆਰਿਆਂ ਵਿੱਚ ਹੁੰਦੀ ਕਥਾ ਅਤੇ ਗੁਰਬਾਣੀ ਵਿਆਖਿਆ ਨੂੰ ਅੰਕੁਸ਼ ਹੇਠ ਲਿਆਂਦਾ ਜਾਵੇ।

ਸੰਮੇਲਨ ਵਿੱਚ ਪਾਸ ਕੀਤੇ ਇੱਕ ਹੋਰ ਮਤੇ ਵਿੱਚ ਕਿਹਾ ਗਿਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬੀ ਪਾਰਟੀ ਹੈ ਤੇ ਇਸ ਦੇ ਨੇਤਾ ਨੇ ਕੁਰਹਿਤੀਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੱਡੇ ਅਹੁਦੇਦਾਰ ਥਾਪ ਕੇ ਪੰਥ ਨਾਲ ਵੱਡਾ ਧਰੋਹ ਕਮਾਇਆ ਹੈ ਅਤੇ ਸਿੱਖ ਪੰਥ ਦੇ ਪਤਨ ਦਾ ਰਾਹ ਖੋਲ੍ਹਿਆ ਹੈ। ਇਸ ਨੂੰ ਠੱਲ੍ਹ ਪਾਉਣ ਲਈ ਗੁਰਸਿੱਖਾਂ ਨੂੰ ਇਕੱਠੇ ਹੋ ਕੇ ਹੰਭਲਾ ਮਾਰਨਾ ਚਾਹੀਦਾ ਹੈ।

ਇੱਕ ਹੋਰ ਮਤੇ ਵਿੱਚ ਮੰਗ ਕੀਤੀ ਗਈ ਹੈ ਕਿ ਜੇਲ੍ਹਾਂ ਵਿੱਚ ਨਜ਼ਰਬੰਦ ਸਿੱਖਾਂ ਨੂੰ ਰਿਹਾਅ ਕੀਤਾ ਜਾਵੇ।

ਸੰਮੇਲਨ ਵਿੱਚ ਪ੍ਰਿੰਸੀਪਲ ਜਸਬੀਰ ਸਿੰਘ, ਸ੍ਰੀ ਹਰਦੇਵ ਸਿੰਘ, ਸ੍ਰੀ ਚਰਨਜੀਤ ਸਿੰਘ ਚੰਨੀ, ਉਤਰਾਂਚਲ ਦੇ ਸ੍ਰੀ ਅਮਰਜੀਤ ਸਿੰਘ ਚੰਦੀ, ਖੜਗਪੁਰ ਦੇ ਸ੍ਰੀ ਨਰਿੰਦਰਪਾਲ ਸਿੰਘ, ਯੂ.ਕੇ. ਦੇ ਸ੍ਰੀ ਕੁਲਵੰਤ ਸਿੰਘ, ਜਸਟਿਸ ਅਜੀਤ ਸਿੰਘ ਬੈਂਸ, ਸ੍ਰੀ ਗੁਰਬੀਰ ਸਿੰਘ ਢਿੱਲੋਂ, ਸ੍ਰੀ ਸੁਰਜੀਤ ਸਿੰਘ, ਗਿਆਨੀ ਜਗਮੋਹਨ ਸਿੰਘ ਸਮੇਤ ਕਈ ਸਿੱਖ ਵਿਦਵਾਨਾਂ ਨੇ ਵਿਚਾਰ ਪੇਸ਼ ਕੀਤੇ। ਸਟੇਜ ਸੰਚਾਲਨ ਸਾਬਕਾ ਆਈ.ਏ.ਐਸ. ਅਧਿਕਾਰੀ ਸ੍ਰੀ ਗੁਰਤੇਜ ਸਿੰਘ ਨੇ ਕੀਤਾ ਤੇ ਵੱਖ-ਵੱਖ ਮਾਮਲਿਆਂ ਬਾਰੇ ਵਿਚਾਰ ਵੀ ਪੇਸ਼ ਕੀਤੇ। ਇਸ ਮੌਕੇ ਕੁਝ ਪੁਸਤਕਾਂ ਵੀ ਰਿਲੀਜ਼ ਕੀਤੀਆਂ ਗਈਆਂ।

(ਧੰਨਵਾਦ ਸਹਿਤ, ਪੰਜਾਬੀ ਟ੍ਰਿਬਿਊਨ, 18 ਅਕਤੂਬਰ 2004)

✪✪✪✪✪

## ਸਿੱਖ ਸੰਮੇਲਨ ਨੇ ਇਸ ਵਾਰ ਟਕਰਾਅ ਦਾ ਰਾਹ ਛੱਡਿਆ

ਚੰਡੀਗੜ੍ਹ, 16 ਅਕਤੂਬਰ (ਮਦਨਦੀਪ)- ਪੰਥਕ ਹਲਕਿਆਂ ਵਿੱਚ ਸਥਾਪਤ ਧਿਰ ਨਾਲ ਟਕਰਾਅ ਦੀ ਨੀਤੀ ਨੂੰ ਛੱਡਦਿਆਂ ਅੱਜ ਇੱਥੇ ਵਿਸ਼ਵ ਸਿੱਖ ਸੰਮੇਲਨ ਵਿੱਚ ਸਿੱਖ ਬੁੱਧੀਜੀਵੀਆਂ ਨੇ ਪੰਜਾਬ ਅਤੇ ਸਿੱਖ ਪੰਥ ਨਾਲ ਸਬੰਧਤ ਉਹ ਤਿੰਨ ਮਤੇ ਪੇਸ਼ ਕੀਤੇ ਜਿਨ੍ਹਾਂ ਮਤਿਆਂ ਨੂੰ ਵਿਸ਼ਵ ਪੱਧਰ 'ਤੇ ਸਿੱਖ ਕੌਮ ਵੱਲੋਂ ਇੱਕਮੱਤ ਪ੍ਰਵਾਨਤ ਕਰਨ ਦਾ ਦਾਅਵਾ ਕੀਤਾ ਗਿਆ ਹੈ। ਇਹ ਮਤੇ ਹਨ ਪੰਜਾਬ ਦੇ ਦਰਿਆਈ ਪਾਣੀ, ਸਿੱਖ ਰਹਿਤ ਮਰਿਆਦਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਤੇ ਖੰਡੇ-ਬਾਟੇ ਦੀ ਪਾਹੁਲ ਦੀ ਮਹੱਤਤਾ। ਸੰਮੇਲਨ ਵਿੱਚ ਜਿੱਥੇ ਦਸਮ ਗ੍ਰੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸ਼ਰੀਕ ਬਣਾ ਕੇ ਪੇਸ਼ ਕਰਨ ਦੇ ਯਤਨ ਨੂੰ ਨਿੰਦਿਆ ਗਿਆ ਉਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਦੀ ਅਣਗਹਿਲੀ ਦੇ ਚੱਲਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਰਹਿ ਜਾਂਦੀਆਂ ਗ਼ਲਤੀਆਂ 'ਤੇ ਵੀ ਗੰਭੀਰ ਚਿੰਤਾ ਪ੍ਰਗਟਾਈ ਗਈ। ਸਃ ਕੁਲਬੀਰ ਸਿੰਘ ਵੱਲੋਂ ਪੇਸ਼ ਇਨ੍ਹਾਂ ਮਤਿਆਂ ਵਿੱਚ ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ 'ਤੇ ਚਿੰਤਾ ਪ੍ਰਗਟਾਈ ਗਈ ਅਤੇ ਕਿਹਾ ਗਿਆ ਕਿ ਜੇਕਰ ਪੰਜਾਬ ਕੋਲੋਂ ਪਾਣੀ ਖੋਹ ਕੇ ਦੂਜੇ ਸੂਬਿਆਂ ਨੂੰ ਦੇਣ ਦੀ ਨੀਤੀ ਜਾਰੀ ਰਹੀ ਤਾਂ ਆਉਂਦੇ 30 ਸਾਲਾਂ ਨੂੰ ਪੰਜਾਬ ਦੀ ਧਰਤੀ ਬੰਜਰ ਹੋ ਜਾਵੇਗੀ। ਮਤੇ ਵਿੱਚ ਕਿਹਾ ਗਿਆ ਕਿ ਗੁਰੂ ਸਾਹਿਬਾਨ ਦੀ ਧਰਤੀ ਦੀ ਮੁਕੰਮਲ ਤਬਾਹੀ ਅਤੇ ਉਨ੍ਹਾਂ ਦੇ ਪਰਉਪਕਾਰੀ ਉਪਦੇਸ਼ਾਂ ਨੂੰ ਅਲੋਪ ਹੁੰਦਿਆਂ ਸਿੱਖ ਕੌਮ ਆਪਣੀ ਅੱਖੀਂ ਨਹੀਂ ਵੇਖ ਸਕਦੀ ਕਿਉਂਕਿ ਸਿੱਖ ਕੌਮ ਦੇ ਵੱਡਕਿਆਂ ਦੀ ਇਸ ਧਰਤੀ 'ਤੇ ਪਾਣੀ ਤੋਂ ਬਿਨਾਂ ਮਨੁੱਖੀ ਦੁਖਾਂਤ ਦਾ ਭਿਆਨਕ ਨਜ਼ਾਰਾ ਮੰਡਰਾਉਂਦਾ ਦਿਖਾਈ ਦੇ ਰਿਹਾ ਹੈ। ਇਹ ਫ਼ੈਸਲਾ ਕੀਤਾ ਗਿਆ ਕਿ ਪੰਜਾਬ ਦੇ ਹਰੇਕ ਵਾਸੀ ਨੂੰ ਪਾਣੀ ਪ੍ਰਤੀ ਜਾਗਰੂਕ ਕੀਤਾ ਜਾਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਅਤੇ ਖੰਡੇ-ਬਾਟੇ ਦੀ ਪਾਹੁਲ ਦੇ ਮਹੱਤਵ ਨੂੰ ਪੇਸ਼ ਕਰਦਿਆਂ ਇੱਕ ਮਤੇ ਵਿੱਚ ਕਿਹਾ ਗਿਆ ਕਿ ਗੁਰੂ ਗ੍ਰੰਥ ਸਾਹਿਬ ਸਾਡੇ ਜੁਗੋ-ਜੁਗ ਅਟੱਲ ਅਤੇ ਇੱਕੋ-ਇੱਕ ਗੁਰਗੱਦੀ ਪ੍ਰਾਪਤ ਸ਼ਬਦ-ਗੁਰੂ ਹਨ। ਇਸ ਵਿੱਚ ਸਿੱਖਾਂ ਦੇ ਗੁਰੂ ਸਾਹਿਬਾਨਾਂ ਦੀਆਂ ਸਿੱਖਿਆਵਾਂ ਦਾ ਤੱਤਸਾਰ ਹੈ। ਸਿੱਖੀ ਦੇ ਦੁਸ਼ਮਣ ਤੇ ਸਿੱਖ ਪੰਥ ਦੀ ਤਬਾਹੀ ਲੋਚਣ ਵਾਲਿਆਂ ਨੇ ਹਮੇਸ਼ਾ ਸ਼ਬਦ-ਗੁਰੂ ਦੇ ਰੁਤਬੇ ਅਤੇ ਮਹੱਤਵ ਨੂੰ ਢਾਅ ਲਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ 'ਤੇ ਵੀ ਚਿੰਤਾ ਪ੍ਰਗਟਾਈ ਗਈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਮਹੱਤਤਾ ਨੂੰ ਘਟਾਉਣ ਲਈ ਸਿੱਖ ਵਿਰੋਧੀ ਸ਼ਕਤੀਆਂ ਵੱਲੋਂ ਅਖੌਤੀ ਦਸਮ ਗ੍ਰੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਦਲ ਵਜੋਂ ਉਭਾਰਿਆ ਜਾ ਰਿਹਾ ਹੈ। ਇਸ ਵਾਰ ਮਤਿਆਂ ਵਿੱਚ ਸਹਿਜਧਾਰੀਆਂ ਲਈ ਵੀ ਰੁਖ ਨਰਮ ਕੀਤਾ ਗਿਆ ਹੈ। ਇਹ ਮਤਾ ਰੱਖਿਆ ਗਿਆ ਕਿ ਅੰਮ੍ਰਿਤਧਾਰੀ ਸਿੱਖਾਂ ਲਈ ਜ਼ਰੂਰੀ ਹੈ ਕਿ ਉਹ ਮਨੁੱਖੀ ਕਮਜ਼ੋਰੀਆਂ ਪ੍ਰਤੀ ਨਰਮ ਰਵੱਈਆ ਅਪਣਾਉਣ ਅਤੇ ਆਪਣੇ ਸਹਿਜਧਾਰੀ ਭਰਾਵਾਂ ਨੂੰ ਪੂਰੀ ਤਰ੍ਹਾਂ ਮਾਣ-ਸਤਿਕਾਰ ਦੇਣ ਪਰ ਇਹ ਵੀ ਕਿਹਾ

ਗਿਆ ਹੈ ਕਿ ਸਿੱਖ ਦਾ ਸਰੂਪ ਦਸਮ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਹੀ ਆਦਰਸ਼ ਹੋਣਾ ਚਾਹੀਦਾ ਹੈ। ਮਤਿਆਂ 'ਤੇ ਚਰਚਾ ਕਰਦਿਆਂ ਸ: ਗੁਰਤੇਜ ਸਿੰਘ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਮਹੱਤਤਾ ਨਹੀਂ ਘਟ ਸਕਦੀ। ਕੇਵਲ ਅਗਿਆਨਤਾ ਕਾਰਨ ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬੇਮੁੱਖ ਹੋ ਕੇ ਫੋਕਟ ਰਸਮੋ-ਰਿਵਾਜ ਵਿੱਚ ਫਸੇ ਹੋਏ ਹਨ। ਇਸ ਕਰਕੇ ਜ਼ਰੂਰਤ ਹੈ ਹਰੇਕ ਸਿੱਖ ਨੂੰ ਸਹਿਜ ਪਾਠ ਕਰਨ ਦੀ ਤਾਂ ਜੋ ਗੁਰੂ ਗ੍ਰੰਥ ਸਾਹਿਬ ਦੀ ਮਹੱਤਤਾ ਨੂੰ ਸਮਝਿਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਵਿਸ਼ਵ ਸਿੱਖ ਸੰਮੇਲਨ ਤੋਂ ਪਹਿਲਾਂ ਉਹ ਦੁਨੀਆ ਦੇ ਵੱਖ-ਵੱਖ ਛੇ ਦੇਸ਼ਾਂ ਵਿੱਚ ਵਿਸ਼ਵ ਸਿੱਖ ਸੰਮੇਲਨ ਕਰ ਕੇ ਆਏ ਹਨ ਤੇ ਇਹ ਉਸ ਦੀ ਕੜੀ ਦੇ ਇੱਕ ਹਿੱਸੇ ਵਜੋਂ ਪ੍ਰੋਗਰਾਮ ਉਲੀਕਿਆ ਗਿਆ ਸੀ। ਇਸ ਤੋਂ ਬਾਅਦ 15 ਮੁਲਕਾਂ ਵਿੱਚ ਵਿਸ਼ਵ ਸਿੱਖ ਸੰਮੇਲਨ ਕੀਤਾ ਜਾਵੇਗਾ ਅਤੇ ਇਨ੍ਹਾਂ ਵਿਸ਼ਵ ਸਿੱਖ ਸੰਮੇਲਨਾਂ ਵਿੱਚ ਇੱਕ ਰਾਇ ਬਣਾ ਕੇ ਸੰਨ 2008 ਵਿੱਚ ਸਰਬੱਤ ਖ਼ਾਲਸਾ ਸੱਦਿਆ ਜਾਵੇਗਾ। ਸ਼੍ਰੋਮਣੀ ਖ਼ਾਲਸਾ ਪੰਚਾਇਤ ਦੇ ਮੁਖੀ ਭਾਈ ਰਜਿੰਦਰ ਸਿੰਘ ਖ਼ਾਲਸਾ ਨੇ ਕਿਹਾ ਕਿ ਬੇਸ਼ੱਕ ਉਹ ਲੱਖਾਂ ਦਾ ਹਜੂਮ ਇਕੱਠਾ ਨਹੀਂ ਕਰ ਸਕੇ ਪਰ ਉਨ੍ਹਾਂ ਦੀ ਸੋਚ ਨਾਲ ਲੱਖਾਂ ਸਿੱਖਾਂ ਦਾ ਹੁੰਗਾਰਾ ਹੈ ਅਤੇ ਉਹ ਸਿੱਖ ਕੌਮ ਨੂੰ ਮੌਜੂਦਾ ਸੰਕਟ ਵਿੱਚੋਂ ਕੱਢਣ ਲਈ ਸਫਲ ਹੋਣਗੇ। ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਆਏ ਡਾ: ਗੁਰਸ਼ਰਨਜੀਤ ਸਿੰਘ ਨੇ ਕਿਹਾ ਕਿ ਸਿੱਖ ਬੁੱਧੀਜੀਵੀਆਂ ਨੇ ਪੰਥਕ ਹਲਕਿਆਂ ਵਿੱਚ ਸਥਾਪਤ ਧਿਰ ਨਾਲ ਟਕਰਾਅ ਦੀ ਨੀਤੀ ਨੂੰ ਇਸ ਵਾਰ ਮੋੜਾ ਦੇਣ ਦਾ ਫ਼ੈਸਲਾ ਕੀਤਾ ਸੀ ਅਤੇ ਸਿੱਧਾ ਟਕਰਾਅ ਟਾਲ ਕੇ ਸੰਗਤਾਂ ਨੂੰ ਨਾਲ ਲੈ ਕੇ ਚੱਲਣ ਦਾ ਯਤਨ ਕੀਤਾ ਗਿਆ ਹੈ। ਉਨ੍ਹਾਂ ਇਹ ਮੰਨਿਆ ਕਿ ਪਿਛਲੇ ਟਕਰਾਅ ਵਿੱਚੋਂ ਜਿੱਥੇ ਸਥਾਪਤ ਧਿਰਾਂ ਦਾ ਨੁਕਸਾਨ ਹੋਇਆ ਉਸ ਦੇ ਨਾਲ ਹੀ ਸਿੱਖ ਵਿਦਵਾਨਾਂ ਨੂੰ ਵੀ ਦੁਬਾਰਾ ਤੋਂ ਸੋਚਣਾ ਪਿਆ। ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਨੂੰ ਚੁਣੌਤੀਆਂ ਕਈ ਕਿਸਮ ਦੀਆਂ ਹਨ। ਉਨ੍ਹਾਂ ਇਸ ਗੱਲ 'ਤੇ ਵੀ ਚਿੰਤਾ ਪ੍ਰਗਟ ਕੀਤੀ ਕਿ ਦਸਮ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਦਾ ਸ਼ਰੀਕ ਬਣਾਉਣ ਦਾ ਯਤਨ ਕੀਤਾ ਜਾ ਰਿਹਾ ਹੈ ਜਿਹੜਾ ਸਿੱਖ ਕੌਮ ਲਈ ਘਾਤਕ ਸਿੱਧ ਹੋ ਸਕਦਾ ਹੈ। ਇਸ ਉਪਰੰਤ ਭਾਈ ਰਜਿੰਦਰ ਸਿੰਘ ਖ਼ਾਲਸਾ ਨੇ ਦੱਸਿਆ ਕਿ ਐਤਵਾਰ ਨੂੰ ਵਿਸ਼ਵ ਸਿੱਖ ਸੰਮੇਲਨ ਦੇ ਅੰਤਿਮ ਦਿਨ ਮਤੇ ਪਾਸ ਕਰ ਕੇ ਭਵਿੱਖ ਦੀ ਰਣਨੀਤੀ ਦਾ ਐਲਾਨ ਕੀਤਾ ਜਾਵੇਗਾ।

(ਧੰਨਵਾਦ ਸਹਿਤ, ਰੋਜ਼ਾਨਾ ਅਜੀਤ, 17 ਅਕਤੂਬਰ 2004)

✪✪✪✪✪

## ਵਿਸ਼ਵ ਸਿੱਖ ਸਮੇਲਨ ਵੱਲੋਂ ਸਿੱਖ ਭਾਈਚਾਰੇ ਨੂੰ ਪੂਜਾ-ਪਾਠ ਅਤੇ ਵਹਿਮਾਂ-ਭਰਮਾਂ 'ਚੋਂ ਨਿਕਲਣ ਦਾ ਸੱਦਾ

### ਰਾਗ ਮਾਲਾ ਨੂੰ ਗੁਰਬਾਣੀ ਦਾ ਹਿੱਸਾ ਨਾ ਮੰਨਣ ਦੀ ਅਪੀਲ

ਚੰਡੀਗੜ੍ਹ, 17 ਅਕਤੂਬਰ (ਬਲਜੀਤ ਬੱਲੀ) - ਅੱਜ ਇੱਥੇ ਖ਼ਤਮ ਹੋਏ ਦੋ ਰੋਜ਼ਾ ਵਿਸ਼ਵ ਸਿੱਖ ਸੰਮੇਲਨ ਵੱਲੋਂ ਸਿੱਖ ਭਾਈਚਾਰੇ ਨੂੰ ਸੱਦਾ ਦਿੱਤਾ ਗਿਆ ਹੈ ਕਿ ਉਹ ਫੋਕੇ ਵਹਿਮਾਂ-ਭਰਮਾਂ, ਪੂਜਾ-ਪਾਠ, ਤੀਰਥ-ਇਸ਼ਨਾਨ ਅਤੇ ਮੂਰਤੀ ਪੂਜਾ ਵਰਗੀਆਂ ਬ੍ਰਾਹਮਣਵਾਦੀ ਅਤੇ ਬਿਪਰਨ ਦੀਆਂ ਰੀਤਾਂ ਨੂੰ ਤਿਆਗ ਦੇਣ। ਇੱਥੋਂ ਤੱਕ ਕਿ ਮੰਚ ਤੋਂ ਸ: ਦਰਬਾਰਾ ਸਿੰਘ ਸਿਓਣਾ ਨੇ ਇਹ ਵੀ ਸੱਦਾ ਦਿੱਤਾ ਕਿ ਸਿੱਖ ਅਖੰਡ ਪਾਠ ਕਰਾਉਣੇ ਵੀ ਛੱਡ ਦੇਣ ਕਿਉਂਕਿ ਇਹ ਵੀ ਸਿਰਫ਼ ਦਿਖਾਵਾ ਹੀ ਹੈ। ਉਹ ਸਿਰਫ਼ ਸਹਿਜ ਪਾਠ ਹੀ ਆਪਣੇ ਘਰਾਂ ਵਿੱਚ ਕਰਾਉਣ। ਉਨ੍ਹਾਂ ਕਿਹਾ ਕਿ ਜਦੋਂ ਦੀ ਉਨ੍ਹਾਂ ਨੂੰ ਸੋਝੀ ਆਈ ਹੈ ਉਦੋਂ ਤੋਂ ਉਨ੍ਹਾਂ ਨੇ ਅਖੰਡ ਪਾਠ ਕਰਾਉਣਾ ਘਰ ਵਿੱਚ ਬੰਦ ਕਰ ਦਿੱਤਾ ਹੈ। ਉਹ ਸਿਰਫ਼ ਗੁਰੂ ਗ੍ਰੰਥ ਸਾਹਿਬ ਵਿੱਚ ਦਰਸਾਏ ਰੂਹਾਨੀ ਸੱਚ ਨੂੰ ਹੀ ਪ੍ਰਵਾਨ ਕਰਨ ਅਤੇ ਪੰਥਕ ਰਹਿਤ ਮਰਿਆਦਾ ਨੂੰ ਸਹੀ ਢੰਗ ਨਾਲ ਅਪਨਾਉਣ। ਸੰਮੇਲਨ ਦੀ ਸਮਾਪਤੀ 'ਤੇ ਪਾਸ ਕੀਤੇ ਮਤਿਆਂ ਵਿੱਚ ਜਿੱਥੇ ਦਸਮ ਗ੍ਰੰਥ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਬਦਲ ਵਜੋਂ ਉਭਾਰਨ ਦਾ ਵਿਰੋਧ ਕੀਤਾ ਗਿਆ ਉੱਥੇ ਡੇਰੇਦਾਰ ਸੰਤ-ਬਾਬਿਆਂ ਤੋਂ ਵੀ ਕਿਨਾਰਾ ਕਰਨ ਦਾ ਸੱਦਾ ਦਿੱਤਾ ਗਿਆ। ਇੱਕ ਵੱਖਰੇ ਮਤੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਰਹਿਤ ਮਰਿਆਦਾ ਦੇ ਮੂਲ ਸਰੂਪ ਵਿੱਚ ਕੀਤੀਆਂ ਗਈਆਂ ਤਬਦੀਲੀਆਂ ਨੂੰ ਗੁਰਮਤਿ ਵਿਰੋਧੀ ਕਰਾਰ ਦਿੰਦੇ ਹੋਏ ਕਿਹਾ ਕਿ ਇਹ ਤਬਦੀਲੀਆਂ ਖ਼ਾਲਸਾ ਪੰਥ ਦੀ ਪ੍ਰਵਾਨਗੀ ਤੋਂ ਬਿਨਾਂ ਕੀਤੀਆਂ ਗਈਆਂ ਹਨ। ਮਤੇ ਵਿੱਚ ਇਹ ਵੀ ਮੰਗ ਕੀਤੀ ਗਈ ਕਿ ਇਸ ਮਾਮਲੇ ਸਬੰਧੀ ਘੋਖ-ਪੜਤਾਲ ਕਰਨ ਲਈ ਖ਼ਾਲਸਾ ਪੰਥ ਦੀ ਇੱਕ ਵਿਸ਼ਵ-ਪੱਧਰੀ ਸਥਾਈ ਰਹੁ-ਰੀਤ ਕਮੇਟੀ ਬਣਾ ਕੇ ਇਨ੍ਹਾਂ ਸੋਧਾਂ ਨੂੰ ਗੁਰਬਾਣੀ ਦੀ ਕਸੌਟੀ 'ਤੇ ਪਰਖਿਆ ਜਾਵੇ। ਇਹ ਵੀ ਕਿਹਾ ਗਿਆ ਕਿ ਗੁਰਦੁਆਰਿਆਂ ਵਿੱਚ ਹੁੰਦੀ ਕਥਾ ਅਤੇ ਗੁਰਬਾਣੀ ਵਿਆਖਿਆ ਨੂੰ ਗੁਰਮਤਿ ਦੇ ਅਨੁਸਾਰ ਚਲਾਉਣ ਲਈ ਕਦਮ ਚੁੱਕੇ ਜਾਣ। ਸੰਮੇਲਨ ਦੇ ਮੰਚ ਤੋਂ ਪ੍ਰੋ. ਗੁਰਤੇਜ ਸਿੰਘ ਨੇ ਇਹ ਵੀ ਐਲਾਨ ਕੀਤਾ ਕਿ ਇਸ ਸੰਮੇਲਨ ਤੋਂ ਬਾਅਦ ਇੱਕ ਘੋਖ ਕਮੇਟੀ ਬਣਾਈ ਜਾਵੇਗੀ ਜਿਹੜੀ ਰਹਿਤ ਮਰਿਆਦਾ ਦੇ ਸਮੁੱਚੇ ਮਸਲੇ ਦਾ ਮੁੜ ਜਾਇਜ਼ਾ ਲਵੇਗੀ ਅਤੇ ਇਹ ਵਿਚਾਰ ਖ਼ਾਲਸਾ ਪੰਥ ਸਾਹਮਣੇ ਰੱਖੇਗੀ ਕਿ ਪ੍ਰਵਾਣਤ ਪੰਥਕ ਰਹਿਤ ਮਰਿਆਦਾ ਵਿੱਚ ਕਿਸੇ ਸੋਧ ਦੀ ਲੋੜ ਹੈ ਕਿ ਨਹੀਂ। ਇੱਕ ਵੱਖਰੇ ਮਤੇ ਵਿੱਚ ਇਹ ਵੀ ਅਪੀਲ ਕੀਤੀ ਗਈ ਕਿ ਰਾਗਮਾਲਾ ਨੂੰ

ਗੁਰਬਾਣੀ ਦਾ ਹਿੱਸਾ ਨਾ ਮੰਨਿਆ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੋਗ ਮੁੰਦਾਵਣੀ 'ਤੇ ਹੀ ਪਾਏ ਜਾਣ। ਇੱਕ ਹੋਰ ਮਤੇ ਰਾਹੀਂ ਪੰਜਾਬ ਵਿੱਚ ਬਾਹਰਲੇ ਸੂਬਿਆਂ ਤੋਂ ਆ ਰਹੇ ਪ੍ਰਵਾਸੀ ਮਜ਼ਦੂਰਾਂ ਦੀ ਵਧ ਰਹੀ ਗਿਣਤੀ 'ਤੇ ਚਿੰਤਾ ਜ਼ਾਹਿਰ ਕਰਦੇ ਹੋਏ ਕਿਹਾ ਕਿ ਦਰਅਸਲ ਇਹ ਸਾਰਾ ਕੁਝ ਕੇਂਦਰ ਸਰਕਾਰ ਵੱਲੋਂ ਪੰਜਾਬੀਆਂ ਨੂੰ ਇੱਕ ਘੱਟ-ਗਿਣਤੀ ਵਿੱਚ ਤਬਦੀਲ ਕਰਨ ਦੇ ਮਕਸਦ ਨਾਲ ਕੀਤਾ ਜਾ ਰਿਹਾ ਹੈ। ਸਾਰੇ ਪੰਜਾਬੀਆਂ ਨੂੰ ਇਸ ਨਵੇਂ ਬਸਤੀਵਾਦ ਦਾ ਵਿਰੋਧ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਪੰਜਾਬ ਵਿਧਾਨ ਸਭਾ ਨੂੰ ਇਹ ਬੇਨਤੀ ਕੀਤੀ ਗਈ ਕਿ ਦਰਿਆਈ ਪਾਣੀਆਂ ਸਬੰਧੀ ਦਿਖਾਈ ਦਲੇਰੀ ਵਾਂਗ ਹੀ ਪ੍ਰਵਾਸੀ ਮਜ਼ਦੂਰਾਂ ਦੀ ਬਹੁ-ਗਿਣਤੀ ਨੂੰ ਰੋਕਣ ਲਈ ਪੰਜਾਬ ਵਿੱਚ ਪ੍ਰਵਾਸੀਆਂ ਦੇ ਜ਼ਮੀਨ-ਜਾਇਦਾਦ ਖਰੀਦਣ 'ਤੇ ਰੋਕ ਲਾਉਣ ਸਬੰਧੀ ਤੁਰੰਤ ਅਜਿਹਾ ਕਾਨੂੰਨ ਬਣਾਇਆ ਜਾਵੇ ਜਿਹਾ ਕਿ ਹਿਮਾਚਲ, ਉਤਰਾਂਚਲ ਅਤੇ ਰਾਜਸਥਾਨ ਵਿਧਾਨ ਸਭਾਵਾਂ ਨੇ ਬਣਾਇਆ ਹੈ। ਇਸੇ ਤਰ੍ਹਾਂ ਇੱਕ ਵੱਖਰੇ ਮਤੇ ਵਿੱਚ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਖੋਹੇ ਜਾਣ ਦੇ ਖ਼ਿਲਾਫ਼ ਡਟ ਕੇ ਪਹਿਰਾ ਦੇਣ ਦਾ ਪ੍ਰਣ ਕੀਤਾ ਗਿਆ ਅਤੇ ਆਪਣੇ ਪਾਣੀ ਬਚਾਉਣ ਲਈ ਕਾਨੂੰਨੀ ਚਾਰਾਜੋਈ ਕਰਨ ਅਤੇ ਹੋਰ ਹਰ ਹੀਲਾ ਅਪਨਾਉਣ ਦਾ ਐਲਾਨ ਵੀ ਕੀਤਾ ਗਿਆ। ਇਸੇ ਤਰ੍ਹਾਂ ਹੀ ਇਨ੍ਹਾਂ ਮਤਿਆਂ ਵਿੱਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਅਤੇ ਬਾਕੀ ਜਥੇਦਾਰਾਂ ਨੂੰ ਪੁਜਾਰੀਆਂ ਦਾ ਦਰਜਾ ਦਿੰਦੇ ਸ: ਜੋਗਿੰਦਰ ਸਿੰਘ 'ਸਪੋਕਸਮੈਨ' ਨੂੰ ਪੰਥ ਵਿੱਚੋਂ ਛੇਕੇ ਜਾਣ ਦੀ ਕਾਰਵਾਈ ਦਾ ਖੁੱਲ੍ਹਾ ਵਿਰੋਧ ਕੀਤਾ ਗਿਆ। ਇਸੇ ਤਰ੍ਹਾਂ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਤਖ਼ਤਾਂ ਦੇ ਜਥੇਦਾਰਾਂ 'ਤੇ ਵਿਦੇਸ਼ ਦੌਰਿਆਂ ਸਬੰਧੀ ਲਾਈਆਂ ਗਈਆਂ ਬੰਦਿਸ਼ਾਂ ਨੂੰ ਗ਼ਲਤ ਕਰਾਰ ਦਿੱਤਾ (ਨੋਟ: ਬੰਦਸ਼ਾਂ ਨੂੰ ਜਾਇਜ਼ ਠਹਿਰਾਇਆ ਗਿਆ ਸੀ। ਇਹ ਗ਼ਲਤੀ ਅਖ਼ਬਾਰ ਦੀ ਬੇਧਿਆਨੀ ਕਾਰਣ ਹੋਈ ਜਾਪਦੀ ਹੈ — ਸੰਪਾਦਕ) ਉੱਥੇ ਜਥੇਦਾਰਾਂ ਨੂੰ ਵੀ ਇਹ ਸੁਆਲ ਕੀਤਾ ਕਿ ਉਨ੍ਹਾਂ ਦੀ ਸਰਬਉੱਚਤਾ ਕਿਸ ਤਰ੍ਹਾਂ ਕਾਇਮ ਰਹੇਗੀ। ਇੱਕ ਵੱਖਰੇ ਮਤੇ ਰਾਹੀਂ ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬੀ ਪਾਰਟੀ ਕਰਾਰ ਦਿੰਦੇ ਹੋਏ ਇਸ ਦੇ ਨੇਤਾ ਸ: ਪ੍ਰਕਾਸ਼ ਸਿੰਘ ਬਾਦਲ ਵੱਲੋਂ ਕੁਰਹਿਤੀਆਂ ਨੂੰ ਸ਼੍ਰੋਮਣੀ ਕਮੇਟੀ ਦੇ ਵੱਡੇ ਅਹੁਦੇਦਾਰ ਥਾਪਣ ਦੀ ਕਾਰਵਾਈ ਨੂੰ ਪੰਥ ਨਾਲ ਧ੍ਰੋਹ ਕਰਾਰ ਦਿੱਤਾ ਗਿਆ। ਅੱਜ ਦੇ ਇਸ ਸੰਮੇਲਨ ਵਿੱਚ ਬਠਿੰਡਾ ਜ਼ਿਲ੍ਹੇ ਦੇ ਰਾਮਪੁਰਾ ਪਿੰਡ ਦੇ ਨਿਵਾਸੀ ਸ: ਦਵਿੰਦਰਪਾਲ ਸਿੰਘ ਨੂੰ ਉਨ੍ਹਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਉਰਦੂ ਭਾਸ਼ਾ ਵਿੱਚ ਅਨੁਵਾਦ ਕਰਨ ਦੇ ਮਹਾਨ ਕਾਰਜ ਬਦਲੇ ਸਨਮਾਨਤ ਕੀਤਾ ਗਿਆ ਅਤੇ ਸਿਰੋਪਾਓ ਦਿੱਤਾ ਗਿਆ। ਅੱਜ ਦੇ ਇਸ ਸਮਾਗਮ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਸਰਵਸ੍ਰੀ ਪ੍ਰੋ. ਗੁਰਤੇਜ ਸਿੰਘ, ਗਿਆਨੀ ਗੁਰਦਿੱਤ ਸਿੰਘ, ਅਮਰਜੀਤ ਸਿੰਘ ਚੰਦੀ, ਖ਼ਾਲਸਾ ਪੰਚਾਇਤ ਦੇ ਮੁਖੀ ਸ੍ਰ: ਰਜਿੰਦਰ ਸਿੰਘ, ਮੇਜਰ ਜਨਰਲ ਨਰਿੰਦਰ ਸਿੰਘ, ਸ: ਸੁਖਦੇਵ ਸਿੰਘ, ਸ: ਮੋਹਨ ਸਿੰਘ ਜੰਮੂ, ਪ੍ਰਿੰਸੀਪਲ ਜਸਵੀਰ ਸਿੰਘ ਮਿਸ਼ਨਰੀ ਕਾਲਜ, ਗਿਆਨੀ ਸੁਰਜੀਤ ਸਿੰਘ ਦਿੱਲੀ, ਗਿਆਨੀ ਜਗਮੋਹਨ ਸਿੰਘ, ਜਸਟਿਸ ਅਜੀਤ ਸਿੰਘ ਬੈਂਸ, ਭਾਈ ਕਿਰਪਾਲ ਸਿੰਘ, ਬੀਬੀ ਹਰਬੰਸ ਕੌਰ, ਸ: ਦਵਿੰਦਰਪਾਲ ਸਿੰਘ, ਸਾਬਕਾ ਚੀਫ਼ ਇੰਜੀਨੀਅਰ ਗੁਰਬੀਰ ਸਿੰਘ ਢਿੱਲੋਂ, ਮਨਜੀਤ ਸਿੰਘ ਕੋਹਲੀ ਉਤਰਾਂਚਲ, ਅਮਰੀਕਾ ਤੋਂ ਹਰਦੇਵ ਸਿੰਘ ਸ਼ੇਰਗਿੱਲ ਅਤੇ ਪ੍ਰੋ. ਕੁਲਬੀਰ ਸਿੰਘ ਸ਼ਾਮਿਲ ਸਨ। ਇਸ ਮੌਕੇ ਦੇਸ਼-ਵਿਦੇਸ਼ ਵਿੱਚੋਂ ਸੰਮੇਲਨ ਦੀ ਸਫ਼ਲਤਾ ਲਈ ਆਏ ਕੁਝ ਮਤੇ ਵੀ ਪੜ੍ਹੇ ਗਏ। ਇਨ੍ਹਾਂ ਵਿੱਚ ਜਰਮਨ ਤੋਂ ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਮੁਖੀ ਰੇਸ਼ਮ ਸਿੰਘ ਦਾ ਸੰਦੇਸ਼ ਵੀ ਉਚੇਚੇ ਤੌਰ 'ਤੇ ਪੜ੍ਹ ਕੇ ਸੁਣਾਇਆ ਗਿਆ। ਜ਼ਿਕਰਯੋਗ ਹੈ ਕਿ ਸ: ਜੋਗਿੰਦਰ ਸਿੰਘ 'ਸਪੋਕਸਮੈਨ' ਇਸ ਸਿੱਖ ਸੰਮੇਲਨ ਵਿੱਚ ਸ਼ਾਮਿਲ ਨਹੀਂ ਹੋਏ ਜਦੋਂ ਕਿ ਪਿਛਲੇ ਸਾਲ ਇਸ ਸੰਮੇਲਨ ਦੇ ਪ੍ਰਬੰਧਕਾਂ ਦੇ ਨਾਲ ਸਨ। ਇਸ ਸੰਮੇਲਨ ਲਈ ਪਹਿਲ-ਕਦਮੀ ਖ਼ਾਲਸਾ ਪੰਚਾਇਤ ਦੇ ਮੁਖੀ ਰਜਿੰਦਰ ਸਿੰਘ ਅਤੇ ਪ੍ਰੋ. ਗੁਰਤੇਜ ਸਿੰਘ ਵੱਲੋਂ ਕੀਤੀ ਗਈ ਸੀ।

(ਧੰਨਵਾਦ ਸਹਿਤ, ਰੋਜ਼ਾਨਾ ਅਜੀਤ, 18 ਅਕਤੂਬਰ 2004)

✪✪✪✪✪

## ਵਹਿਮਾਂ-ਭਰਮਾਂ, ਕਰਮ-ਕਾਂਡ ਤੇ ਡੇਰਾਵਾਦ ਦਾ ਤਿਆਗ ਕਰਨ ਦਾ ਸੱਦਾ

ਚੰਡੀਗੜ੍ਹ, 16 ਅਕਤੂਬਰ (ਭੁੱਲਰ) – ਇੱਥੇ ਅੱਜ ਦੋ ਦਿਨਾ ਵਿਸ਼ਵ ਸਿੱਖ ਸੰਮੇਲਨ ਸ਼ੁਰੂ ਹੋ ਗਿਆ ਜਿਸ ਵਿੱਚ ਪਹਿਲੇ ਦਿਨ ਗੁਰੂ ਗ੍ਰੰਥ ਸਾਹਿਬ ਅਤੇ ਪੰਜਾਬ ਦੇ ਪਾਣੀਆਂ ਬਾਰੇ ਵਿਚਾਰ-ਵਟਾਂਦਰੇ ਹੋਏ। ਅੱਜ ਦੇ ਮੁੱਖ ਮਤੇ ਵਿੱਚ ਸਿੱਖਾਂ ਨੂੰ ਵਹਿਮਾਂ–ਭਰਮਾਂ, ਕਰਮ–ਕਾਂਡਾਂ ਤੇ ਡੇਰਾਵਾਦ ਆਦਿ ਨੂੰ ਤਿਆਗ ਕੇ ਗੁਰੂ ਗ੍ਰੰਥ ਸਾਹਿਬ ਵਿੱਚ ਹੀ ਵਿਸ਼ਵਾਸ ਰੱਖਣ ਦਾ ਸੱਦਾ ਦਿੱਤਾ ਗਿਆ ਹੈ। ਦੂਜੇ ਮਤੇ ਵਿੱਚ ਪਾਣੀਆਂ ਦੇ ਮਾਮਲੇ ਵਿੱਚ ਪੰਜਾਬ ਨਾਲ ਬੇਇਨਸਾਫ਼ੀ ਹੋਣ ਦੀ ਗੱਲ ਕਰਦਿਆਂ ਇਸ ਸਬੰਧੀ ਪੰਜਾਬ ਵਾਸੀਆਂ ਨੂੰ ਜਾਗਰੂਕ ਕਰਨ ਅਤੇ ਪਾਣੀਆਂ ਦੀ ਰਾਖੀ ਲਈ ਹਰ ਹੀਲਾ ਅਪਨਾਉਣ ਦਾ ਐਲਾਨ ਕੀਤਾ ਗਿਆ। ਇਸ ਵਾਰ ਇਸ ਸਿੱਖ ਸੰਮੇਲਨ ਦੀ ਵਰਣਨਯੋਗ ਗੱਲ ਹੈ ਕਿ ਮੌਜੂਦਾ ਸਿੱਖ ਲੀਡਰਸ਼ਿਪ ਪ੍ਰਤੀ ਬੁਲਾਰਿਆਂ ਦੀ ਸੁਰ ਕਾਫ਼ੀ ਨਰਮ ਰਹੀ ਜਦ ਕਿ ਪਿਛਲੇ ਮੋਹਾਲੀ ਵਿਸ਼ਵ ਸਿੱਖ ਸੰਮੇਲਨ ਮੌਕੇ ਤਾਂ ਸਿੱਖ ਸੰਗਠਨਾਂ ਦਰਮਿਆਨ ਹੀ ਟਕਰਾਓ ਦੀ ਸਥਿਤੀ ਬਣ ਗਈ ਸੀ।

ਅੱਜ ਪਹਿਲੇ ਦਿਨ ਗੁਰੂ ਗ੍ਰੰਥ ਸਾਹਿਬ ਅਤੇ ਪਾਣੀਆਂ ਦੇ ਮਾਮਲੇ ਉੱਪਰ ਵਿਚਾਰ ਪੇਸ਼ ਕਰਨ ਵਾਲਿਆਂ ਵਿੱਚ ਭਾਰਤ ਤੋਂ ਬਾਹਰਲੇ ਸਿੱਖਾਂ ਦੇ ਪ੍ਰਤੀਨਿਧ ਹਰਦੇਵ ਸਿੰਘ ਸ਼ੇਰਗਿੱਲ, ਉੱਤਰ ਪ੍ਰਦੇਸ਼ ਉਤਰਾਂਚਲ ਦੇ ਅਮਰਜੀਤ ਸਿੰਘ ਚੰਦੀ, ਗੁਰਤੇਜ ਸਿੰਘ, ਡਾ. ਗੁਰਸ਼ਰਨਜੀਤ ਸਿੰਘ, ਮੇਜਰ ਜਨਰਲ ਨਰਿੰਦਰ ਸਿੰਘ, ਮਹਿੰਦਰ ਸਿੰਘ ਜੋਸ਼, ਖ਼ਾਲਸਾ ਪੰਚਾਇਤ ਦੇ ਰਜਿੰਦਰ ਸਿੰਘ, ਖ਼ਾਲਸਾ ਦਲ ਦੇ ਸਵਰਨ ਸਿੰਘ, ਇੰਜੀਨੀਅਰ ਗੁਰਬੀਰ ਸਿੰਘ ਢਿੱਲੋਂ ਦੇ ਨਾਂ ਜ਼ਿਕਰਯੋਗ ਹਨ।

ਸੰਮੇਲਨ ਵਿੱਚ ਪਾਸ ਪਹਿਲੇ ਮਤੇ ਵਿੱਚ ਕਿਹਾ ਗਿਆ ਕਿ ਜਿੱਥੇ ਅੰਮ੍ਰਿਤਧਾਰੀ ਸਿੱਖਾਂ ਲਈ ਜ਼ਰੂਰੀ ਹੈ ਕਿ ਮਨੁੱਖੀ ਕਮਜ਼ੋਰੀਆਂ ਪ੍ਰਤੀ ਨਰਮੀ ਧਾਰਨ ਕਰਨ ਅਤੇ ਸਾਰੇ ਸਹਿਜਧਾਰੀ ਭਰਾਵਾਂ ਨੂੰ ਪੂਰੀ ਤਰ੍ਹਾਂ ਯੋਗ ਮਾਣ-ਸਨਮਾਨ ਦੇਣ ਅਤੇ ਉਨ੍ਹਾਂ ਨੂੰ ਆਪਣੇ ਧਰਮ ਪ੍ਰਤੀ ਬਰਾਬਰ ਚਿੰਤਾਤੁਰ ਸਮਝਣ ਉੱਥੇ ਗ਼ੈਰ-ਅੰਮ੍ਰਿਤਧਾਰੀਆਂ ਲਈ ਲਾਜ਼ਮੀ ਹੈ ਕਿ ਉਹ ਖ਼ਾਲਸਾ ਸਰੂਪ ਅਤੇ ਰਹਿਤ ਪ੍ਰਤੀ ਸ਼ਰਧਾ ਰੱਖਣ ਜਿਸ ਨੂੰ ਕਿ ਗੁਰੂ ਸਾਹਿਬਾਨ ਨੇ ਮਨੁੱਖ ਦੇ ਰੂਹਾਨੀ ਵਿਕਾਸ ਦੇ ਆਦਰਸ਼ ਵਜੋਂ ਸਥਾਪਿਤ ਕੀਤਾ ਹੈ। ਇਹ ਸਵੈ-ਸਿੱਧ ਸੱਚਾਈ ਕਿ ਦਸਵੇਂ ਪਾਤਸ਼ਾਹ ਦਾ ਖ਼ਾਲਸਾ ਗੁਰੂ ਗ੍ਰੰਥ ਦਾ ਆਦਰਸ਼ਕ ਮਨੁੱਖ ਹੈ ਅਤੇ ਦਸੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਦਾ ਸਾਖਸ਼ਾਤ ਰੂਪ ਹੈ, ਪੰਥ ਵਿੱਚ ਸ਼ਾਮਲ ਸਾਰੀਆਂ ਇਕਾਈਆਂ ਦਰਮਿਆਨ ਵਿਸ਼ਵ ਪੱਧਰ 'ਤੇ ਦ੍ਰਿੜ੍ਹ ਹੋਣੀ ਚਾਹੀਦੀ ਹੈ। ਇਹ ਆਮ ਸਰਬਸੰਮਤੀ ਪਹਿਲੀਆਂ ਸਦੀਆਂ ਵਿੱਚ ਕਾਇਮ ਰਹੀ ਹੈ ਅਤੇ ਵਰਤਮਾਨ ਵਿੱਚ ਵੀ ਅਵੱਸ਼ ਪੁਨਰ-ਸੁਰਜੀਤ ਹੋਣੀ ਚਾਹੀਦੀ ਹੈ। ਕਿਹਾ ਗਿਆ ਕਿ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਨੂੰ ਸੰਸਾਰ ਦੀ ਹਰ ਇੱਕ ਬੋਲੀ ਵਿੱਚ ਲੋਕਾਂ ਤੱਕ ਪਹੁੰਚਾਉਣ ਲਈ ਸੰਸਥਾ ਦਾ ਨਿਰਮਾਣ ਕਰਨਾ ਚਾਹੀਦਾ ਹੈ।

ਦੂਜੇ ਮਤੇ ਵਿੱਚ ਕਿਹਾ ਕਿ ਪੰਜਾਬ ਦੇ ਦਰਿਆਈ ਪਾਣੀਆਂ ਨਾਲ ਸਬੰਧਿਤ ਵੱਖ-ਵੱਖ ਕਾਨੂੰਨੀ ਵਿਵਸਥਾਵਾਂ ਨੂੰ ਘੋਖਣ ਉਪਰੰਤ ਅਸੀਂ ਜਾਣਦੇ ਹਾਂ ਕਿ ਇਹ ਸਰਾਸਰ ਲਾਕਾਨੂੰਨੀ ਅਤੇ ਹਿੰਦੁਸਤਾਨ ਦੇ ਲਿਖਤੀ ਸੰਵਿਧਾਨ ਦੀ ਘੋਰ ਉਲੰਘਣਾ ਹੈ ਜਿਸ ਤਹਿਤ ਰਾਵੀ, ਬਿਆਸ ਅਤੇ ਸਤਲੁਜ ਦਾ ਪਾਣੀ ਸੂਬੇ ਤੋਂ ਬਾਹਰ ਰਾਜਸਥਾਨ, ਹਰਿਆਣਾ ਅਤੇ ਦਿੱਲੀ ਦੇ ਗੁਆਂਢੀ ਰਾਜਾਂ ਨੂੰ ਲਿਜਾਇਆ ਜਾ ਰਿਹਾ ਹੈ। ਇਹ ਸੰਸਾਰ ਦੇ ਪ੍ਰਮੁੱਖ ਸੰਘਾਂ ਦੇ ਸੰਵਿਧਾਨਾਂ, ਰਿਪੇਰੀਅਨ ਸਿਧਾਂਤਾਂ, ਹੇਲਸਿੰਕੀ ਕਾਨੂੰਨ, ਇੰਗਲੈਂਡ (ਯੂ.ਕੇ.) ਦੇ ਕੌਮਨ ਕਾਨੂੰਨ ਅਤੇ ਸੰਯੁਕਤ ਰਾਸ਼ਟਰ ਸੰਘ ਦੀ ਦੇਖ-ਰੇਖ ਹੇਠ ਮੈਂਬਰ ਦੇਸ਼ਾਂ ਦੁਆਰਾ ਸਵੈ-ਇੱਛਾਪੂਰਵਕ ਪ੍ਰਵਾਨ ਕੀਤੇ ਗਏ ਸਮਝੌਤਿਆਂ ਦੀ ਵੀ ਉਲੰਘਣਾ ਹੈ। ਇਸ ਦਾ ਸਿੱਟਾ ਸੰਸਾਰ ਦੇ ਇੱਕੋ-ਇੱਕ ਸੂਬੇ ਜਿੱਥੇ ਕਿ ਸਿੱਖਾਂ ਕੋਲ ਥੋੜ੍ਹੀ ਬਹੁਤ ਪ੍ਰਸ਼ਾਸਕੀ ਸੁਤੰਤਰਤਾ ਹੈ, ਵਿੱਚੋਂ ਸਿੱਖਾਂ ਨੂੰ ਜੜ੍ਹੋਂ ਉਖਾੜਨ ਵਿੱਚ ਨਿਕਲੇਗਾ। ਨਤੀਜੇ ਵਜੋਂ ਉਸ ਸ਼ਾਨਾਮੱਤੀ ਕੌਮ ਦੇ ਇਤਿਹਾਸ ਨੂੰ ਖਤਮ ਕਰ ਦਿੱਤਾ ਜਾਵੇਗਾ ਜਿਸ ਨੇ ਸਮੁੱਚੀ ਮਨੁੱਖਤਾ ਦੇ ਭਲੇ ਹਿੱਤ ਲਾਮਿਸਾਲ ਪਰਉਪਕਾਰੀ ਯੋਗਦਾਨ ਪਾਇਆ ਹੈ ਅਤੇ ਜਿਸ ਕੋਲ ਮਨੁੱਖਤਾ ਦੀ ਨੈਤਿਕ ਅਤੇ ਰੂਹਾਨੀ ਅਰੋਗਤਾ ਲਈ ਅਜਿਹਾ ਯੋਗਦਾਨ ਜਾਰੀ ਰੱਖਣ ਦੀ ਸਮਰੱਥਾ ਹੈ।

(ਧੰਨਵਾਦ ਸਹਿਤ, ਜੱਗ ਬਾਣੀ, 17 ਅਕਤੂਬਰ 2004)

✪✪✪✪✪

## ਸਮਕਾਲੀ ਸੰਦਰਭ

## (ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ)

## ਇਹ ਸ਼੍ਰੋਮਣੀ ਸੰਤ ਨਹੀਂ ਸ਼੍ਰੋਮਣੀ ਬਦਮਾਸ਼ ਹੈ: ਸੇਵਾਦਾਰ

ਬਰੈਂਪਟਨ: (ਸਾਂਝ ਸਵੇਰਾ) ਪਿਛਲੇ ਕੁਝ ਸਾਲਾਂ ਤੋਂ ਸਟੇਜ ਤੋਂ ਦਬਕੇ ਮਾਰ-ਮਾਰ ਕੇ ਗੁਰੂ ਦਾ ਨਾਮ ਜਪਾਉਣ ਵਾਲੇ ਪਾਖੰਡੀ ਸਾਧ ਮਾਨ ਸਿੰਘ ਭੇਵੇ ਵਾਲੇ ਦੇ ਕਾਰਨਾਮਿਆਂ ਦਾ ਚਿੱਠਾ ਪਾਠਕਾਂ ਨੂੰ ਬੜੇ ਜਿਗਰੇ ਨਾਲ ਪੜ੍ਹਨ ਦੀ ਲੋੜ ਹੈ। ਇਸ ਵਿੱਚ ਸਰੀਰਕ ਛੇੜ-ਛਾੜ ਤੋਂ ਲੈ ਕੇ ਲੜਕੀਆਂ ਨਾਲ ਜ਼ਬਰਦਸਤੀ ਅਤੇ ਉਨ੍ਹਾਂ ਨੂੰ ਬੰਦੀ ਬਣਾ ਕੇ ਰੱਖਣ ਦੇ ਸੰਗੀਨ ਦੋਸ਼ ਦਰਜ ਹਨ। ਆਪਣੇ ਚੇਲਿਆਂ ਨੂੰ ਬੰਦੀ ਬਣਾ ਕੇ ਰੱਖਣ ਦੀ ਮੂੰਹ ਬੋਲਦੀ ਤਸਵੀਰ ਵੀ ਇਸ ਖ਼ਬਰ ਵਿੱਚ ਦਰਜ ਹੈ। 'ਸਾਂਝ ਸਵੇਰਾ' ਨਾਲ ਭੇਵੇ ਵਾਲੇ ਸਾਧ ਦੇ ਇੱਕ ਗੜਵਈ (ਇੱਕ ਚੇਲੇ ਨੂੰ ਅਸੀਂ ਗੜਵਈ ਕਹਿ ਕੇ ਪੁਕਾਰ ਰਹੇ ਹਾਂ) ਨੇ ਫੋਨ ਰਾਹੀਂ ਆਪਣੇ ਤਜ਼ਰਬੇ ਸਾਂਝੇ ਕੀਤੇ ਹਨ। ਉਸ ਨੇ ਭਰੇ ਮਨ ਨਾਲ ਕਿਹਾ ਕਿ ਅਸੀਂ ਗੁਰੂ ਨਾਨਕ ਸਾਹਿਬ ਦੀ ਲਹਿਰ ਦੇ ਇਛੁੱਕ ਹੋਣ ਸਦਕਾ ਬਾਬੇ ਨਾਲ 18 ਸਾਲ ਦੇ ਕਰੀਬ ਬਿਤਾਏ ਹਨ ਪਰ ਜਦੋਂ ਸਾਨੂੰ ਬਾਬੇ ਦੀਆਂ ਕਰਤੂਤਾਂ ਦਾ ਪਤਾ ਲੱਗਾ ਤਾਂ ਇੱਥੇ ਦਮ ਘੁੱਟਣ ਲੱਗਾ। ਸਾਡੇ ਵਾਸਤੇ ਇਸ ਤੋਂ ਬਾਅਦ ਬਾਬੇ ਦੇ ਡੇਰੇ ਵਿੱਚ ਰਹਿਣਾ ਆਪਣੇ-ਆਪ ਨਾਲ ਧੱਕਾ ਕਰਨਾ ਸੀ ਜਿਸ ਕਰਕੇ ਅਸੀਂ 14-15 ਸਿੰਘ ਜੋ ਬਾਬੇ ਦੇ ਡੇਰੇ ਦੇ ਸੇਵਾਦਾਰ ਸੀ ਅੱਜ-ਕੱਲ੍ਹ ਭਾਰਤ ਦੇ ਵੱਖ-ਵੱਖ ਸੂਬਿਆਂ ਵਿੱਚ ਇਸ ਦੀ ਰਾਜਨੀਤਕ ਪਹੁੰਚ ਸਦਕਾ ਡਰਦੇ ਮਾਰੇ ਲੁਕ ਕੇ ਸਮਾਂ ਬਤੀਤ ਕਰ ਰਹੇ ਹਾਂ। ਗੜਵਈ ਨੇ ਦੱਸਿਆ ਕਿ ਬਾਬੇ ਦੇ ਬਾਦਲ ਤੋਂ ਇਲਾਵਾ ਬੂਟਾ ਸਿੰਘ, ਚੌਟਾਲਾ ਅਤੇ ਪੁਲੀਸ ਵਾਲਿਆਂ ਨਾਲ ਗੂੜ੍ਹੇ ਸਬੰਧ ਹਨ ਇਸ ਕਰਕੇ ਬਾਬੇ ਦੇ ਸਿੰਘਾਸਨ ਨੂੰ ਹਿਲਾਉਣਾ ਬੜਾ ਮੁਸ਼ਕਲ ਹੈ। ਇਸ ਗੜਵਈ ਚੇਲੇ ਨੇ ਭਾਵੁਕ ਹੋ ਕੇ ਕਿਹਾ ਕਿ ਇਹ ਸ਼੍ਰੋਮਣੀ ਸੰਤ ਨਹੀਂ ਸ਼੍ਰੋਮਣੀ ਬਦਮਾਸ਼ ਹੈ।

ਗੜਵਈ ਨੇ ਦੱਸਿਆ ਕਿ 1990 ਵਿੱਚ ਬਾਬੇ ਕੋਲ ਇੱਕ ਟੁੱਟੀ ਜਿਹੀ ਫੀਅਟ ਹੁੰਦੀ ਸੀ ਤੇ ਛੋਟਾ ਜਿਹਾ ਡੇਰਾ ਸੀ ਅਤੇ ਅੱਜ-ਕੱਲ੍ਹ ਇਸ ਦੀ ਜਾਇਦਾਦ ਦਾ ਅੰਦਾਜ਼ਾ ਲਾਉਣਾ ਮੁਸ਼ਕਲ ਹੈ। ਉਸ ਅਨੁਸਾਰ ਭੇਵੇ ਵਾਲੇ ਦੀ ਜਾਇਦਾਦ ਦਾ ਮੋਟਾ-ਮੋਟਾ ਵੇਰਵਾ ਇਸ ਪ੍ਰਕਾਰ ਹੈ:

350 ਏਕੜਾਂ 'ਚ ਫਾਰਮ

15-20 ਏਕੜਾਂ 'ਚ ਅਕੈਡਮੀ

15-20 ਏਕੜਾਂ 'ਚ ਫੈਲਿਆ ਡੇਰਾ

2600-2700 ਵਿਦਿਆਰਥੀ ਜਿਨ੍ਹਾਂ ਤੋਂ 2000 ਰੁਪੈ ਫੀਸ ਲਈ ਜਾਂਦੀ ਹੈ ਜਿਸ ਤੋਂ ਬਾਬੇ ਨੂੰ 50-60 ਲੱਖ ਸਾਲ ਦੀ ਅਮਾਦਨ ਹੈ। ਸੂਤਰ ਨੇ ਦੱਸਿਆ ਕਿ ਜਿਹੜੇ ਸੇਵਾਦਾਰ ਇਸ ਦੀਆਂ ਕਰਤੂਤਾਂ ਤੋਂ ਦੁਖੀ ਹੋ ਕੇ ਇੱਥੋਂ ਨਿਕਲਣਾ ਚਾਹੁੰਦੇ ਸੀ ਉਨ੍ਹਾਂ ਨੂੰ ਬਾਬੇ ਨੇ ਅਗਵਾ ਕਰ ਕੇ ਰੱਖਿਆ ਹੋਇਆ ਸੀ। ਸਾਡੇ ਪਾਸਪੋਰਟ ਅਜੇ ਵੀ ਬਾਬੇ ਕੋਲ ਹਨ ਜਿਸ ਕਰਕੇ ਅਸੀਂ ਮੁਲਕ ਛੱਡ ਕੇ ਬਾਹਰ ਵੀ ਨਹੀਂ ਜਾ ਸਕਦੇ।

**ਸਨਸਨੀਖੇਜ਼ ਦੋਸ਼:**

ਇਸ ਸੂਤਰ ਨੇ ਦੱਸਿਆ ਕਿ ਜਲੰਧਰ ਡੇਰੇ ਵਿੱਚ ਇੱਕ ਲੜਕੀ ਰੀਨਾ (ਫਰਜ਼ੀ ਨਾਮ) ਅਧਿਆਪਕਾ ਸੀ ਜਿਸ ਦੀ ਬਾਬੇ ਦੀ ਅਕੈਡਮੀ ਨੂੰ ਸਫਲ ਬਣਾਉਣ ਵਿੱਚ ਬੜੀ ਦੇਣ ਹੈ। ਉਹ ਪੰਜਾਬ ਤੋਂ ਬਾਹਰ ਦੀ ਵਸਨੀਕ ਸੀ ਅਤੇ ਰੀਨਾ (ਫਰਜ਼ੀ ਨਾਮ) ਦੀ ਉਮਰ ਕੋਈ 25 ਕੁ ਸਾਲ ਸੀ। ਇਸ ਬੀਬੀ ਨੇ ਸਿੰਘਾਂ ਨੂੰ ਬਿਠਾ ਕੇ ਦੱਸਿਆ ਕਿ ਉਸ ਨਾਲ ਬਾਬੇ ਨੇ ਕੀ ਸਲੂਕ ਕੀਤਾ ਹੈ। ਗੜਵਈ ਨੇ ਦੱਸਿਆ ਕਿ ਉਸ ਵੇਲੇ ਬੀਬੀ ਸਿੰਘਾਂ ਨੂੰ ਪੂਰੀ ਗੱਲ ਨਾ ਦੱਸ ਸਕੀ ਪਰ ਇੱਕ ਹੋਰ ਸ਼ਰਧਾਲੂ ਦੀ ਪਤਨੀ ਨੂੰ ਸਾਰੀ ਵਿਥਿਆ ਦੱਸ ਦਿੱਤੀ ਜਿਸ ਤੋਂ ਉਸ ਦੇ ਪਤੀ ਰਾਹੀਂ ਸਾਨੂੰ ਪਤਾ ਲੱਗਾ ਕਿ ਇਸ ਸਾਧ ਨੇ ਉਸ ਬੀਬੀ ਨਾਲ ਜ਼ਬਰਦਸਤੀ ਕੀਤੀ ਹੈ।

ਭਾਵੇਂ ਕਿ ਪਹਿਲਾਂ ਵੀ ਬਾਬੇ ਬਾਰੇ ਅਜਿਹੀਆਂ ਦੰਦ-ਕਥਾਵਾਂ ਚੱਲਦੀਆਂ ਸਨ ਪਰ ਜਲੰਧਰ ਦੇ ਡੇਰੇ ਵਿੱਚ ਵਾਪਰੀ ਇਹ ਘਟਨਾ ਨੇ ਸੇਵਾਦਾਰਾਂ ਨੂੰ ਹਿਲਾ ਕੇ ਰੱਖ ਦਿੱਤਾ।

ਗੜਵਈ ਨੇ ਅੱਗੇ ਦੱਸਿਆ ਕਿ ਇਸੇ ਤਰ੍ਹਾਂ ਰੋਪੜ ਦੇ ਡੇਰੇ ਵਿੱਚ ਇੱਕ ਹੋਰ ਮਾਸੂਮ ਲੜਕੀ, ਜੋ ਗਰੀਬ ਘਰ ਨਾਲ ਸਬੰਧਤ ਸੀ ਅਤੇ ਪੰਜਾਬ ਤੋਂ ਬਾਹਰ ਦੇ ਸੂਬੇ ਦੀ ਵਸਨੀਕ ਸੀ ਨਾਲ ਇਸ ਬਾਬੇ ਨੇ ਜ਼ਬਰਦਸਤੀ ਕੀਤੀ ਹੈ। ਲਾਜੋ (ਗਲਤ ਨਾਮ) ਨਾਮ ਦੀ ਇਹ ਲੜਕੀ 22-23 ਸਾਲ ਦੀ ਉਮਰ ਦੀ ਸੀ ਜਿਸ ਨੂੰ ਬਾਬੇ ਨੇ ਵਿਆਹੁਣਯੋਗ ਨਹੀਂ ਰਹਿਣ ਦਿੱਤਾ। ਰੋਪੜ ਡੇਰੇ ਵਿੱਚ ਇਸ ਲੜਕੀ ਨਾਲ ਬੜਾ ਧੱਕਾ ਹੋਇਆ। ਬਾਬੇ ਨੇ ਇਸ ਮਾਸੂਮ ਲੜਕੀ ਨੂੰ ਕਾਮੁਕ-ਦਾਸੀ (ਸੈਕਸ-ਸਲੇਵ) ਬਣਾ ਕੇ ਰੱਖਿਆ ਹੋਇਆ ਸੀ। ਇਸ ਲੜਕੀ ਦਾ ਪਰਵਾਰ ਗਰੀਬ ਹੋਣ ਕਰਕੇ ਬਾਬੇ ਨੂੰ ਉਸ ਪੱਖੋਂ ਬੇਫਿਕਰੀ ਸੀ ਅਤੇ ਜਦੋਂ ਵੀ ਇਹ ਬਾਬਾ ਰੋਪੜ ਡੇਰੇ ਆਉਂਦਾ ਸੀ ਤਾਂ ਇਸ ਲੜਕੀ ਦਾ ਸਰੀਰਕ ਸ਼ੋਸ਼ਣ ਕਰਿਆ ਕਰਦਾ ਸੀ।

ਸੂਤਰਾਂ ਨੇ ਦੱਸਿਆ ਕਿ ਫਿਰ ਉਹ ਸਰੀਰਕ ਤੌਰ 'ਤੇ ਦੁਖੀ ਹੋ ਗਈ ਅਤੇ ਖੂਨ ਵਹਿਣ ਲੱਗ ਪਿਆ ਤਾਂ ਬਾਬੇ ਨੇ ਆਪਣੇ ਡੇਰੇ ਵਿੱਚ ਇੱਕ ਹੋਰ ਬੁੱਢੀ ਸੇਵਾਦਾਰਨੀ ਨਾਲ ਭੇਜ ਕੇ ਚੰਡੀਗੜ੍ਹ ਤੋਂ ਉਸ ਦਾ ਇਲਾਜ ਕਰਵਾਇਆ।

ਇਸ ਵਾਰ ਮੌਕਾ ਤਾੜ ਕੇ ਲਾਜੋ (ਫਰਜ਼ੀ ਨਾਮ) ਡੇਰੇ 'ਚੋਂ ਭੱਜਣ ਵਿੱਚ ਕਾਮਯਾਬ ਹੋ ਗਈ ਸੀ ਪਰ ਗਰੀਬ ਮਾਪੇ ਫਿਰ ਉਸ ਨੂੰ ਬਾਬੇ ਦੇ ਲੜ ਲਾਉਂਦਿਆਂ ਡੇਰੇ ਵਿੱਚ ਛੱਡ ਗਏ।

ਉਪਰੋਕਤ ਘਟਨਾਵਾਂ ਦੀ 'ਸਾਂਝ ਸਵੇਰਾ' ਵੱਲੋਂ ਇੱਕ ਹੋਰ ਸੂਤਰ ਤੋਂ ਵੀ ਪੁਸ਼ਟੀ ਕੀਤੀ ਗਈ ਹੈ। ਇਸ ਬੂਬਨੇ ਸਾਧ ਨੇ ਪੰਜਾਬ ਤੋਂ ਬਾਹਰ ਵੀ ਆਪਣੀਆਂ ਪੈੜਾਂ ਪਾਈਆਂ ਹੋਈਆਂ ਹਨ ਜਿਨ੍ਹਾਂ ਦਾ ਚਿੱਠਾ ਨਿਕਟ ਭਵਿੱਖ ਵਿੱਚ ਖੁੱਲ੍ਹਣ ਦੀ ਆਸ ਹੈ। ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਵਿੱਚ ਵੀ ਇਸ ਬਾਬੇ ਦੀ ਹਵਸ ਦਾ ਸ਼ਿਕਾਰ ਹੋਈਆਂ ਬੀਬੀਆਂ ਇਸ ਵਕਤ ਸਹਿਮੀਆਂ ਹੋਈਆਂ ਹਨ ਪਰ ਆਸ ਹੈ ਕਿ ਗੁਰੂ ਸਾਹਿਬ ਉਨ੍ਹਾਂ ਨੂੰ ਹਿੰਮਤ ਜ਼ਰੂਰ ਬਖਸ਼ੇਗਾ।

ਗੜਵਈ ਸੂਤਰ ਨੇ ਦੱਸਿਆ ਕਿ ਸਾਡੀ ਬਾਗ਼ੀਆਂ ਦੀ ਗਿਣਤੀ 14-15 ਹੋ ਗਈ ਹੈ। ਅਸੀਂ ਪੰਜਾਬ ਅਤੇ ਬਾਹਰਲੇ ਸੂਬਿਆਂ ਵਿੱਚ ਲੁਕ-ਛਿਪ ਕੇ ਰਹਿ ਰਹੇ ਹਾਂ। ਭੇਵੇ ਵਾਲੇ ਸਾਧ ਨਾਲ ਆਪਣੀਆਂ ਮੁਲਾਕਾਤਾਂ ਨੂੰ ਯਾਦ ਕਰਦਿਆਂ ਇੱਕ ਸ਼ਰਧਾਲੂ ਨੇ ਦੱਸਿਆ ਕਿ ਬਾਬਾ ਆਪਣੇ-ਆਪ ਨੂੰ ਗੁਰੂ ਗੋਬਿੰਦ ਸਿੰਘ ਦਰਸਾਉਣ ਦੀ ਕੋਸ਼ਿਸ਼ ਕਰਦਾ ਰਹਿੰਦਾ ਸੀ ਭਾਵੇਂ ਕਿ ਉਹ ਸਿੱਧਾ ਕਦੇ ਨਹੀਂ ਸੀ ਕਹਿੰਦਾ ਪਰ ਟੇਢੇ ਢੰਗ ਨਾਲ ਉਹ ਹਮੇਸ਼ਾ ਆਪਣੇ ਚੇਲਿਆਂ ਨੂੰ ਕਹਿੰਦਾ ਸੀ ਕਿ ਉਹ ਸਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਆਨੰਦਪੁਰ ਸਾਹਿਬ ਦੇ ਕਿਲ੍ਹੇ ਵਿੱਚ ਸੇਵਾ ਕਰਿਆ ਕਰਦੇ ਸਨ। ਸ਼ਰਧਾਲੂ ਨੇ ਦੱਸਿਆ ਕਿ ਬਾਬੇ ਦਾ ਇੰਗਲੈਂਡ ਵਿੱਚ ਰਹਿੰਦਾ ਇੱਕ ਚੇਲਾ ਆਪਣੇ-ਆਪ ਨੂੰ ਮੀਆਂ ਮੀਰ ਅਤੇ ਇੱਕ ਹੋਰ ਚੇਲਾ ਪੀਰ ਬੁੱਧੂ ਸ਼ਾਹ ਸਮਝਦਾ ਹੈ। ਕਿਉਂਕਿ ਬਾਬਾ ਉਸ ਨੂੰ ਇਹ ਯਕੀਨ ਦੁਆਉਣ ਲਈ ਅਚਨਚੇਤ ਬੁੱਧੂ ਕਹਿ ਕੇ ਪੁਕਾਰਦਾ ਰਹਿੰਦਾ ਹੈ।

ਲੜਕੀਆਂ ਨੂੰ ਭਰਮਾਉਣ ਦਾ ਫਾਰਮੂਲਾ ਦੱਸਦਿਆਂ ਇੱਕ ਸ਼ਰਧਾਲੂ ਨੇ ਕਿਹਾ ਕਿ ਪਹਿਲਾਂ ਉਹ ਸਹਿਜੇ-ਸਹਿਜੇ ਔਰਤ ਨੂੰ ਆਪਣੇ ਨਜ਼ਦੀਕ ਲਿਆਉਂਦਾ ਹੈ ਫਿਰ ਅਚਾਨਕ ਉਹ ਕਾਮੁਕ

ਛੇੜਖਾਨੀ ਕਰਨ ਤੱਕ ਉੱਤਰ ਆਉਂਦਾ ਹੈ। ਅਗਰ ਔਰਤ ਚੁੱਪ ਕਰ ਜਾਵੇ ਤਾਂ ਉਸ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾ ਲੈਂਦਾ ਹੈ ਤੇ ਅਗਰ ਉਹ ਅਜਿਹਾ ਕਰਨ ਤੋਂ ਇਨਕਾਰ ਕਰੇ ਤਾਂ ਉਸ ਨੂੰ ਕਹਿ ਦਿੰਦਾ ਹੈ ਕਿ ਇਹ ਤਾਂ ਪਰਚਾ ਸੀ ਤੂੰ ਬੀਬਾ "ਪਾਸ" ਹੋ ਗਈ ਹੈਂ ਆਦਿ ਆਦਿ...।

ਭੇਵੇ ਵਾਲੇ ਸਾਧ ਬਾਰੇ ਇਹ ਪ੍ਰਚੱਲਤ ਹੈ ਕਿ ਇਸ ਦੇ ਪ੍ਰਚਾਰ ਤੋਂ ਪ੍ਰਭਾਵਤ ਹੋ ਕੇ ਅਨੇਕਾਂ ਪ੍ਰਾਣੀਆਂ ਨੇ ਅੰਮ੍ਰਿਤ ਪਾਨ ਕੀਤਾ ਹੈ ਪਰ ਹਕੀਕਤ ਇਹ ਹੈ ਕਿ ਲੋਕਾਂ ਦਾ ਮਾਨਸਿਕ ਸ਼ੋਸ਼ਣ ਕਰਨ ਦੇ ਨਾਲ-ਨਾਲ ਇਹ ਬਾਬਾ ਲੋਕਾਂ ਨੂੰ ਆਰਥਿਕ ਟੀਕਾ ਵੀ ਲਾਉਂਦਾ ਹੈ।

ਪਿਛਲੇ ਸਮਿਆਂ ਤੋਂ ਬਾਬਾ ਟਰਾਂਟੋ ਏਰੀਏ ਦੇ ਮਾਲਟਨ ਗੁਰਦੁਆਰਾ ਸਾਹਿਬ ਵਿੱਚ ਪ੍ਰਚਾਰ ਕਰਨ/ਡਾਲਰ ਹੂੰਝਣ ਆਉਂਦਾ ਰਹਿੰਦਾ ਹੈ। ਇਸ ਨੇ ਬੜੇ ਪਾਖੰਡ ਰਚੇ ਕਿ ਇਸ ਨੂੰ ਇੱਕ ਖ਼ਾਸ ਲਿੰਮੋਜ਼ੀਨ ਵਿੱਚ ਇੱਥੇ ਲਿਜਾਇਆ ਜਾਂਦਾ ਸੀ ਤਾਂ ਕਿ ਸੰਗਤ ਬਾਬੇ ਤੋਂ ਹੋਰ ਪ੍ਰਭਾਵਤ ਹੋ ਸਕੇ।

ਅਦਾਰਾ 'ਸਾਂਝ ਸਵੇਰਾ' ਨੇ ਕੁਝ ਅਜਿਹੀਆਂ ਘਟਨਾਵਾਂ ਨੂੰ ਇਸ ਅੰਕ ਵਿੱਚ ਅੰਕਿਤ ਨਹੀਂ ਕੀਤਾ ਕਿਉਂਕਿ ਉਨ੍ਹਾਂ ਦੀ ਪੂਰੀ ਪੁਸ਼ਟੀ ਹੋਣੀ ਬਾਕੀ ਹੈ। ਅਜਿਹੇ ਸੰਗੀਨ ਦੋਸ਼ ਆਇਦ ਕਰਨ ਤੋਂ ਪਹਿਲਾਂ 'ਸਾਂਝ ਸਵੇਰਾ' ਨੇ ਘੱਟੋ-ਘੱਟ ਦੋ ਸੂਤਰਾਂ, ਜੋ ਬਾਬਾ ਜੀ ਦੇ ਗੜਵਈ ਜਾਂ ਨੇੜਲੇ ਸ਼ਰਧਾਲੂ ਰਹੇ ਹਨ, ਨਾਲ ਉਪਰੋਕਤ ਘਟਨਾਵਾਂ ਦੀ ਪੁਸ਼ਟੀ ਕੀਤੀ ਹੈ।

ਇਸ ਤੋਂ ਇਲਾਵਾ 'ਸਾਂਝ ਸਵੇਰਾ' ਨੇ ਬਾਬਾ ਮਾਨ ਸਿੰਘ ਭੇਵੇ ਵਾਲਿਆਂ ਨਾਲ ਸੰਪਰਕ ਕਰਨ ਲਈ ਉਨ੍ਹਾਂ ਦੇ ਰੋਪੜ ਡੇਰੇ ਅਤੇ ਉੱਥੋਂ ਦੇ ਜਥੇਦਾਰ ਸੁਰਜਨ ਸਿੰਘ ਦੇ ਮੋਬਾਇਲ ਉੱਪਰ ਵੀ ਕੋਸ਼ਿਸ਼ ਕੀਤੀ ਪਰ ਮਾਨ ਸਿੰਘ ਨਾਲ ਸੰਪਰਕ ਨਾ ਬਣ ਸਕਿਆ। ਭੇਵੇ ਡੇਰੇ ਉੱਪਰ ਫੋਨ ਥਰੂ ਨਾ ਹੋ ਸਕਿਆ ਪਰ ਰੋਪੜ ਤੋਂ ਭੁਪਿੰਦਰ ਸਿੰਘ ਨਾਮੀ ਸੇਵਾਦਾਰ ਨੇ ਦੱਸਿਆ ਕਿ ਬਾਬਾ ਅੱਜ ਸਵੇਰੇ ਹੀ ਇੰਗਲੈਂਡ ਤੋਂ ਵਾਪਸ ਪਰਤਿਆ ਹੈ ਅਤੇ ਉਹ ਭੇਵੇ ਡੇਰੇ ਵਿੱਚ ਆਰਾਮ ਕਰ ਰਿਹਾ ਹੋਵੇਗਾ। ਉਨ੍ਹਾਂ ਇੱਕ ਹੋਰ ਸੇਵਾਦਾਰ ਭਗਤੂ ਨਾਲ ਸੰਪਰਕ ਕਰਨ ਲਈ ਕਿਹਾ ਪਰ ਉੱਥੇ ਫੋਨ ਥਰੂ ਨਾ ਹੋ ਸਕਿਆ। 'ਸਾਂਝ ਸਵੇਰਾ' ਨਿਰਸੰਦੇਹ ਬਾਬੇ ਦਾ ਪੱਖ ਆਪਣੇ ਪਾਠਕਾਂ ਤੱਕ ਪਹੁੰਚਾਉਣ ਲਈ ਢੁਕਵੀਂ ਕੋਸ਼ਿਸ਼ ਕਰਦਾ ਰਹੇਗਾ ਅਤੇ ਇਸ ਦੇ ਨਾਲ-ਨਾਲ ਬਾਬੇ ਦੀ ਹਵਸ ਦਾ ਸ਼ਿਕਾਰ ਹੋਏ ਕਿਸੇ ਵੀ ਪ੍ਰਾਣੀ ਨਾਲ ਸੰਪਰਕ ਕਰਨ ਦੇ ਇਛੁੱਕ ਰਹਾਂਗੇ।

**ਅਪੀਲ:**

ਸਮੁੱਚੇ ਭਾਈਚਾਰੇ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਇਸ ਰਿਪੋਰਟ ਨੂੰ ਬਰੀਕੀ ਨਾਲ ਪੜ੍ਹਿਆ ਅਤੇ ਵਿਚਾਰਿਆ ਜਾਣਾ ਚਾਹੀਦਾ ਹੈ। ਸਮਾਜ ਨੂੰ ਚੁੰਬੜੇ ਅਜਿਹੇ ਕੈਂਸਰਨੁਮਾ ਕੀਟਾਣੂਆਂ ਨੂੰ ਨਸ਼ਟ ਕਰਨ ਲਈ ਸਮਾਜਕ ਲੀਡਰਸ਼ਿਪ ਨੂੰ ਆਪਣਾ ਰੋਲ ਅਦਾ ਕਰਨ ਲਈ ਅੱਗੇ ਆਉਣ ਦੀ ਲੋੜ ਹੈ। ਸਾਡੇ ਭਾਈਚਾਰੇ ਵਿੱਚ ਇਸ ਰਿਪੋਰਟ ਨਾਲ ਕਾਫ਼ੀ ਸ਼ਰਧਾਲੂਆਂ ਨੂੰ ਝਟਕਾ ਜ਼ਰੂਰ ਲੱਗੇਗਾ ਪਰ ਨਾਸੂਰ ਬਣ ਚੁੱਕੇ ਜ਼ਖ਼ਮ ਦਾ ਇਲਾਜ ਵੀ ਚੀਰ-ਫਾੜ ਤੋਂ ਬਿਨਾ ਸੰਭਵ ਨਹੀਂ ਹੋ ਸਕਦਾ। ਅਸੀਂ ਅਪੀਲ ਕਰਦੇ ਹਾਂ ਕਿ ਇਸ ਰਿਪੋਰਟ ਨੂੰ ਪੜ੍ਹਨ ਤੋਂ ਬਾਅਦ ਲੀਡਰਸ਼ਿਪ ਵਿੱਚ ਹਰਕਤ ਆਉਣੀ ਜ਼ਰੂਰੀ ਹੈ। ਇਹ ਕੋਈ ਦੰਦ-ਕਥਾ ਦਾ ਵਿਸ਼ਾ ਨਹੀਂ ਹੈ। ਇਸ ਵਿਸ਼ੇ ਨਾਲ ਅਨੇਕਾਂ ਪਰਿਵਾਰਾਂ ਦੀ ਇੱਜ਼ਤ-ਆਬਰੂ ਜੁੜੀ ਹੋਈ ਹੈ। ਇਸ ਸੰਗੀਨ ਮਸਲੇ ਨੂੰ ਵਿਚਾਰਨ ਲਈ ਜਨਤਕ ਇਕੱਠ ਬੁਲਾਇਆ ਜਾਵੇ ਅਤੇ ਇਸ ਬੂਬਨੇ ਸਾਧ ਅਤੇ ਅਜਿਹੇ ਕਈ ਹੋਰ ਚਿਮਟੇ ਵਾਲੇ ਸਾਧਾਂ ਤੋਂ ਭਾਈਚਾਰੇ ਦਾ ਖਹਿੜਾ ਛੁਡਾਇਆ ਜਾਵੇ। ਇਹ ਕੋਈ ਜ਼ਰੂਰੀ ਨਹੀਂ ਕਿ ਅਸੀਂ ਬਲਾਤਕਾਰ ਅਤੇ ਹੋਰ ਕਈ ਤਰ੍ਹਾਂ ਦੇ ਸ਼ੋਸ਼ਣ ਕਰਵਾ ਕੇ ਹੀ ਸਬਕ ਸਿੱਖਣਾ ਹੈ, ਸਗੋਂ ਹਰ ਮੁਸ਼ਕਲ ਤੋਂ ਬਾਅਦ ਸਾਡੇ ਸਮਾਜ ਦੇ ਲੋਕਾਂ ਨੂੰ ਸਿਰ ਜੋੜ ਕੇ 'ਅਗਾਂਹ ਨੂੰ ਅਜਿਹੀ ਘਟਨਾ ਨਾ ਵਾਪਰੇ' ਵਾਲੀ ਸੋਚ ਅਪਨਾਉਂਦਿਆਂ ਇਸ ਦੇ ਉਪਰਾਲੇ ਕਰਨੇ ਚਾਹੀਦੇ ਹਨ। ਕਾਸ਼! ਅਸੀਂ ਅਖ਼ੌਤੀ ਸਾਧ ਨਰਿੰਦਰ ਗਰੇਵਾਲ ਵਾਲੀ ਵਾਪਰੀ ਘਟਨਾ ਤੋਂ ਬਾਅਦ ਸਿਰ ਜੋੜ ਕੇ ਬੈਠ ਜਾਂਦੇ ਤਾਂ ਕਈ ਮਾਸੂਮ ਧੀਆਂ-ਭੈਣਾਂ ਦੀ ਇੱਜ਼ਤ ਬਚ ਸਕਦੀ ਸੀ।

(ਧੰਨਵਾਦ ਸਹਿਤ, ਸਾਂਝ ਸਵੇਰਾ, ਕਨੇਡਾ ਦੀ ਵੈੱਬਸਾਈਟ 'ਤੋਂ)

## ਦੋ ਲੜਕੀਆਂ ਨੇ ਡੇਰਾ ਮੁਖੀ 'ਤੇ ਬਲਾਤਕਾਰ ਦੇ ਦੋਸ਼ ਲਾਏ

ਅੰਮ੍ਰਿਤਸਰ, 18 ਅਕਤੂਬਰ: ਇੱਕ ਧਾਰਮਿਕ ਡੇਰੇ ਦਾ ਮੁਖੀ, ਜਿਹੜਾ ਪਹਿਲਾਂ ਹੀ ਆਪਣੇ ਮਾੜੇ ਕੰਮਾਂ ਕਾਰਨ ਵਿਦੇਸ਼ਾਂ ਵਿੱਚ ਛਪਦੀਆਂ ਅਖ਼ਬਾਰਾਂ ਦੀਆਂ ਸੁਰਖੀਆਂ ਵਿੱਚ ਹੈ, ਅੱਜ ਉਸ ਸਮੇਂ ਫਿਰ ਚਰਚਾ ਵਿੱਚ ਆ ਗਿਆ ਜਦੋਂ ਇੱਕ ਅੰਗਰੇਜ਼ੀ ਅਧਿਆਪਕਾ ਨੇ ਦਿੱਤੀ ਰਿਕਾਰਡ ਇੰਟਰਵਿਊ ਦੌਰਾਨ ਦੋਸ਼ ਲਾਇਆ ਕਿ ਉਹ ਬਾਬੇ ਦੇ ਇੱਕ ਡੇਰੇ ਵਿੱਚ ਬਲਾਤਕਾਰ ਦੀ ਸ਼ਿਕਾਰ ਹੋਈ ਸੀ।

ਬਲਾਤਕਾਰ ਦੀਆਂ ਪੀੜਤ ਲੜਕੀਆਂ, ਜਿਹੜੀਆਂ ਵੀਹਵਿਆਂ ਦੇ ਨੇੜੇ-ਤੇੜੇ ਉਮਰ ਦੀਆਂ ਹਨ ਨੇ ਆਪਣੀ ਸ਼ਿਕਾਇਤ

ਅੱਜ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਕੋਲ ਪੇਸ਼ ਕਰ ਕੇ ਦੋਸ਼ ਲਾਇਆ ਕਿ ਉਹ ਬਾਬੇ ਦੇ ਪੰਜਾਬ ਵਿਚਲੇ ਇੱਕ ਡੇਰੇ ਵਿੱਚ ਬਲਾਤਕਾਰ ਦੀਆਂ ਸ਼ਿਕਾਰ ਹੋਈਆਂ ਜਦੋਂ ਕਿ ਉਨ੍ਹਾਂ ਦਾ ਹਰਿਆਣਾ ਵਿੱਚ ਮੁੱਖ ਡੇਰਾ ਹੈ। ਜਦੋਂ ਉਸ ਨੂੰ ਪੁੱਛਿਆ ਗਿਆ ਕਿ ਉਨ੍ਹਾਂ ਨੇ ਅਕਾਲ ਤਖ਼ਤ ਦੇ ਮੌਜੂਦਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਕੋਲ ਕਿਉਂ ਪਹੁੰਚ ਨਹੀਂ ਕੀਤੀ ਤਾਂ ਉਨ੍ਹਾਂ ਦਾ ਜੁਆਬ ਸੀ ਕਿ ਉਹ ਉਨ੍ਹਾਂ ਕੋਲ ਇਸ ਕਾਰਨ ਨਹੀਂ ਗਈਆਂ ਕਿਉਂਕਿ ਅਜਿਹੇ ਮਾਮਲੇ ਦੇ ਇੱਕ ਦੋਸ਼ੀ ਬਾਬਾ ਧਨਵੰਤ ਸਿੰਘ ਨੂੰ ਉਨ੍ਹਾਂ ਨੇ ਬਹੁਤ ਮਾਮੂਲੀ ਸਜ਼ਾ ਸੁਣਾਈ ਸੀ। ਉਸ ਉੱਪਰ ਵੀ ਆਪਣੇ ਡੇਰੇ 'ਤੇ ਇੱਕ ਲੜਕੀ ਨਾਲ ਬਲਾਤਕਾਰ ਕਰਨ ਦਾ ਦੋਸ਼ ਸੀ। ਭਾਈ ਰਣਜੀਤ ਸਿੰਘ ਨੇ ਸ਼ਿਕਾਇਤ ਮਿਲਣ ਦੀ ਪੁਸ਼ਟੀ ਕਰਦਿਆਂ ਮਾਮਲੇ ਦੀ ਸੀ.ਬੀ.ਆਈ ਕੋਲੋਂ ਜਾਂਚ ਮੰਗੀ ਹੈ।

ਅੰਗਰੇਜ਼ੀ ਅਧਿਆਪਕਾ ਉੜੀਸਾ ਦੇ ਇੱਕ ਸਿੱਖ ਟਰਾਂਸਪੋਰਟਰ ਦੀ ਧੀ ਹੈ। ਦੂਜੀ ਪੀੜਤ ਲੜਕੀ ਪੰਜਾਬ ਨਾਲ ਸਬੰਧਤ ਹੈ। ਉਨ੍ਹਾਂ ਭਾਈ ਰਣਜੀਤ ਸਿੰਘ ਨੂੰ ਦੱਸਿਆ ਕਿ ਧਾਰਮਿਕ ਡੇਰੇ ਦੀਆਂ ਕਈ ਲੜਕੀਆਂ ਸ਼ਿਕਾਰ ਬਣੀਆਂ ਹਨ । ਆਪਣੇ ਬਾਰੇ ਅੰਗਰੇਜ਼ੀ ਅਧਿਆਪਕਾ ਨੇ ਦੱਸਿਆ ਕਿ ਉਹ ਡੇਰੇ ਦੇ ਬਾਬੇ ਦੇ ਸੰਪਰਕ ਵਿੱਚ 1999 ਦੌਰਾਨ ਉਦੋਂ ਆਈ ਸੀ ਜਦੋਂ ਉੜੀਸਾ ਵਿੱਚ ਸਮੁੰਦਰੀ ਤੂਫ਼ਾਨ ਪੀੜਤਾਂ ਲਈ ਉੱਥੇ ਲੰਗਰ ਲਾਇਆ ਸੀ । ਉਹ ਉਸ ਸਮੇਂ ਉਨ੍ਹਾਂ ਦੇ ਲੋਕ-ਸੇਵਾ ਦੇ ਕੰਮ ਤੋਂ ਬਹੁਤ ਪ੍ਰਭਾਵਤ ਹੋਈ ਸੀ। ਹਰਿਆਣੇ ਦਾ ਧਾਰਮਕ ਬਾਬਾ ਪਹਿਲਾਂ ਹੀ ਦੋਸ਼ਾਂ ਨੂੰ ਮਨਘੜਤ ਕਹਿ ਕੇ ਉਨ੍ਹਾਂ ਦਾ ਅਕਸ ਖਰਾਬ ਕਰਨ ਵਾਲੇ ਕਹਿ ਚੁੱਕਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਦੋਸ਼ ਕੁਝ ਸੁਆਰਥੀ ਲੋਕ ਲਾ ਰਹੇ ਹਨ।

ਜਦੋਂ ਉਨ੍ਹਾਂ ਦੇ ਹਰਿਆਣਾ ਵਿਚਲੇ ਮੁੱਖ ਡੇਰੇ 'ਤੇ ਇੱਕ ਸੇਵਾਦਾਰ ਭਗਤ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਦੱਸਿਆ ਕਿ ਬਾਬਾ ਜੀ ਰਾਜਪੁਰਾ ਵਿਖੇ ਇੱਕ ਧਾਰਮਕ ਸਮਾਗਮ 'ਚ ਗਏ ਹਨ ।

ਬਲਾਤਕਾਰ ਪੀੜਤ ਲੜਕੀ ਨੇ ਦੱਸਿਆ ਕਿ ਉਸ ਨੇ ਇਸ ਘਟਨਾ ਬਾਰੇ ਆਪਣੇ ਮਾਪਿਆਂ ਨੂੰ ਇਸ ਕਾਰਨ ਨਹੀਂ ਦੱਸਿਆ ਕਿਉਂਕਿ ਤਿੰਨ ਛੋਟੀਆਂ ਭੈਣਾਂ ਅਜੇ ਵਿਆਹੁਣ ਵਾਲੀਆਂ ਹਨ। ਉਸ ਨੇ ਇਹ ਵੀ ਕਿਹਾ ਕਿ ਉਨ੍ਹਾਂ ਦਾ ਪਰਿਵਾਰ ਉੜੀਸਾ ਵਿੱਚ ਬਹੁਤ ਰਸੂਖ ਵਾਲਾ ਹੈ ਤੇ ਉਹ ਨਹੀਂ ਚਾਹੁੰਦੀ ਸੀ ਕਿ ਇਸ ਬਾਰੇ ਉਨ੍ਹਾਂ ਨੂੰ ਕੋਈ ਠੇਸ ਪਹੁੰਚੇ। ਉਹ 'ਬਾਬਾ ਜੀ' ਦਾ ਬਹੁਤ ਸਤਿਕਾਰ ਕਰਦੀ ਸੀ ਪ੍ਰੰਤੂ ਘਟਨਾ ਦੇ ਬਾਅਦ ਉਹ ਬੁਰੀ ਤਰ੍ਹਾਂ ਟੁੱਟ ਚੁੱਕੀ ਹੈ। ਉਹ ਚਾਹੁੰਦੀ ਹੈ ਕਿ ਬਾਬਾ ਜੀ ਦੇ ਕਾਲੇ ਕਾਰਨਾਮਿਆ ਦਾ ਲੋਕਾਂ ਨੂੰ ਪਤਾ ਲੱਗੇ ਤਾਂ ਜੋ ਹੋਰ ਲੜਕੀਆਂ ਉਨ੍ਹਾਂ ਦੀ ਹਵਸ ਦਾ ਸ਼ਿਕਾਰ ਨਾ ਬਣ ਸਕਣ। ਉਸ ਨੇ ਇਹ ਵੀ ਦੱਸਿਆ ਕਿ ਗਰੀਬ ਘਰਾਂ ਦੀਆਂ ਲੜਕੀਆਂ ਨੂੰ ਵਿਆਹੁਣ ਦਾ ਲਾਲਚ ਦੇ ਕੇ ਵਰਗਲਾਇਆ ਜਾਂਦਾ ਹੈ। ਭਾਈ ਰਣਜੀਤ ਸਿੰਘ ਨੇ ਸ਼ਿਕਾਇਤ ਮਿਲਣ ਦੀ ਪੁਸ਼ਟੀ ਕੀਤੀ ਹੈ । ਉਨ੍ਹਾਂ ਇਸ ਮਾਮਲੇ ਦੀ ਸੀ.ਬੀ.ਆਈ ਜਾਂਚ ਮੰਗੀ ਹੈ। ਇੱਕ ਸੇਵਾਦਾਰ ਸਾਹਿਬ ਸਿੰਘ ਗੜਵਈ, ਜਿਹੜੇ 14 ਸਾਲ ਤੋਂ ਵੱਧ ਬਾਬਾ ਜੀ ਨਾਲ ਰਹੇ ਹਨ, ਨੇ ਦੱਸਿਆ ਕਿ ਉਨ੍ਹਾਂ ਨੇ ਅਜਿਹੀਆਂ ਗੱਲਾਂ ਪਤਾ ਲੱਗਣ 'ਤੇ ਡੇਰਾ ਛੱਡ ਦਿੱਤਾ ਸੀ।

(ਧੰਨਵਾਦ ਸਹਿਤ, ਪੰਜਾਬੀ ਟ੍ਰਿਬਿਊਨ, 18 ਅਕਤੂਬਰ 2004)

✪✪✪✪✪

## ਹੁਣ ਸਾਧਾਂ ਵੱਲੋਂ ਸਿੱਖਾਂ ਦੇ ਅਨਮੋਲ ਖਜ਼ਾਨੇ ਦਾ ਘਾਣ

ਕੰਵਰਦੀਪ ਸਿੰਘ, ਪ੍ਰਧਾਨ
ਪਰਮਿੰਦਰ ਸਿੰਘ, ਜਨਰਲ ਸਕੱਤਰ
ਸਿੱਖ ਮਿਸਲ ਸ਼ਹੀਦ ਜਥੇਬੰਦੀ, ਪਟਿਆਲਾ

ਬੜੇ ਲੰਮੇ ਸਮੇਂ ਤੋਂ ਪੜ੍ਹਦੇ-ਸੁਣਦੇ ਅਤੇ ਦੇਖਦੇ ਆਏ ਹਾਂ ਕਿ ਕਾਰ-ਸੇਵਾ ਦੇ ਨਾਮ ਉੱਤੇ ਸਿੱਖਾਂ ਦੀਆਂ ਨਿਸ਼ਾਨੀਆਂ (ਯਾਦਗਾਰਾਂ) ਤਬਾਹ ਕੀਤੀਆਂ ਜਾ ਰਹੀਆਂ ਹਨ। ਸਾਡੀਆਂ ਪੁਰਾਤਨ ਇਤਿਹਾਸਕ ਇਮਾਰਤਾਂ ਜਿਵੇਂ ਕਿ ਸਰਹੰਦ ਦਾ ਠੰਢਾ ਬੁਰਜ, ਬੇਬੇ ਨਾਨਕੀ ਜੀ ਦਾ ਘਰ, ਅਨੰਦਪੁਰ ਸਾਹਿਬ ਦੇ ਕਿਲ੍ਹੇ, ਸਰਹੰਦ ਦੀਆਂ ਨੀਹਾਂ, ਚਮਕੌਰ ਸਾਹਿਬ ਦੀ ਕੱਚੀ ਹਵੇਲੀ (ਗੜ੍ਹੀ) ਆਦਿ ਸਭ ਕੁਝ ਢਾਹ ਕੇ ਸੰਗਮਰਮਰ ਦੇ ਮਹਿਲ ਉਸਾਰ ਦਿੱਤੇ ਗਏ ਹਨ। ਹਾਲੇ ਕੱਲ੍ਹ ਦੀ ਘਟਨਾ, ਦਰਬਾਰ ਸਾਹਿਬ ਉੱਪਰ ਹੋਏ ਹਮਲੇ, ਦੀ ਕੋਈ ਵੀ ਨਿਸ਼ਾਨੀ ਨਹੀਂ ਰਹਿਣ ਦਿੱਤੀ ਗਈ ਜਦੋਂ ਕਿ ਕੁਝ ਗ਼ਜ਼ ਦੀ ਦੂਰੀ 'ਤੇ ਜਲ੍ਹਿਆਂ ਵਾਲੇ ਬਾਗ ਅੰਦਰ 1919 ਈ: ਦੇ ਵੇਲੇ ਦੀਆਂ ਗੋਲ਼ੀਆਂ ਦੇ ਨਿਸ਼ਾਨ ਸਾਂਭ ਕੇ ਰੱਖੇ ਹੋਏ ਹਨ। ਕਿਉਂਕਿ ਪੁਰਾਤਨ ਇਤਿਹਾਸਕ ਨਿਸ਼ਾਨੀਆਂ ਕੌਮਾਂ ਦੀ ਜਿੰਦ-ਜਾਨ ਹੁੰਦੀਆਂ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ-ਸਰੋਤ ਹੁੰਦੀਆਂ ਹਨ। ਹਜ਼ੂਰ ਸਾਹਿਬ ਵਿਖੇ ਦਸ਼ਮੇਸ਼ ਜੀ ਦਾ ਅੰਤਿਮ ਸਸਕਾਰ ਹੋਇਆ, ਉਸ ਵੇਲੇ ਤੋਂ ਉਨ੍ਹਾਂ ਦਾ ਕਮਰਕੱਸਾ, ਛੋਟੀਆਂ ਵੱਡੀਆਂ ਕ੍ਰਿਪਾਨਾਂ ਆਦਿ ਨਿਸ਼ਾਨੀਆਂ ਸਾਂਭੀਆਂ ਹੋਈਆਂ ਹਨ ਜਿਸ ਕਾਰਨ ਸਿੱਖ ਸਰਦਾਰਾਂ ਵਿੱਚ ਰਵਾਇਤ ਬਣ ਗਈ ਕਿ ਉਨ੍ਹਾਂ ਦੀਆਂ ਅੰਤਿਮ ਵੇਲੇ ਦੀਆਂ ਨਿਸ਼ਾਨੀਆਂ ਵੀ ਹਜ਼ੂਰ ਸਾਹਿਬ ਵਿਖੇ ਪਹੁੰਚਾਈਆਂ

ਜਾਂਦੀਆਂ ਰਹੀਆਂ ਜਿਵੇਂ ਕਿ ਜੱਸਾ ਸਿੰਘ ਆਹਲੂਵਾਲੀਆ, ਹਰੀ ਸਿੰਘ ਨਲਵਾ ਆਦਿ ਜਰਨੈਲ ਦੀਆਂ ਨਿਸ਼ਾਨੀਆਂ ਕੁਝ ਸਮਾਂ ਪਹਿਲਾਂ (ਅਖਬਾਰੀ ਰਿਪੋਰਟਾਂ ਮੁਤਾਬਕ) ਉੱਥੇ ਮੌਜੂਦ ਸਨ ਪਰ ਹੁਣ ਪਤਾ ਲੱਗਾ ਹੈ ਕਿ ਉੱਥੋਂ ਦੇ ਪੁਜਾਰੀਆਂ ਨੇ ਉਹ ਅਮੋਲਕ ਨਿਸ਼ਾਨੀਆਂ ਖੁਰਦ-ਬੁਰਦ ਕਰ ਦਿੱਤੀਆਂ ਹਨ ਜਿਸ ਬਾਰੇ ਕੌਮ ਨੇ ਕਦੇ ਸੋਚਿਆ ਵੀ ਨਹੀਂ ਸੀ। ਇਸ ਤੋਂ ਇਲਾਵਾ ਸਿੱਖਾਂ ਨੂੰ ਤਬਾਹ ਕਰਨ ਵਾਲਾ ਕਾਂਡ ਬਹੁਤ ਜ਼ੋਰਾਂ-ਸ਼ੋਰਾਂ ਨਾਲ ਸ਼ੁਰੂ ਹੋ ਗਿਆ ਹੈ।

ਦਿਲ ਕੇ ਫਫੋਲੇ ਜਲ ਉਠੇ ਸੀਨੇ ਕੇ ਦਾਗ ਸੇ।
ਇਸ ਘਰ ਕੋ ਆਗ ਲਗੀ ਘਰ ਕੇ ਚਿਰਾਗ ਸੇ।

ਇਸ ਕਾਂਡ ਬਾਰੇ ਮਾਸਿਕ ਮੈਗਜ਼ੀਨ ਕਾਨੂੰਨੀ ਸ਼ਿਕੰਜੇ ਦੇ ਜੂਨ 2004 ਦੇ ਐਡੀਸ਼ਨ ਵਿੱਚੋਂ ਕੁਝ ਅੰਸ਼ ਵੀ ਲਏ ਗਏ ਹਨ।

ਅੱਜ-ਕੱਲ੍ਹ ਕੁਝ ਅਸਥਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਨਹੀਂ ਸਗੋਂ ਬਹੁਤ ਸਾਰੀਆਂ ਪੁਰਾਤਨ ਧਾਰਮਿਕ ਲਿਖਤਾਂ, ਸਾਖੀਆਂ ਨੂੰ ਵੀ ਬਿਰਧ ਕਰਾਰ ਦੇ ਕੇ ਅਗਨ-ਭੇਂਟ ਕਰਨ ਲੱਗੇ ਹੋਏ ਹਨ। ਪਰ ਇਸ ਬਾਰੇ ਆਮ ਗੱਲਬਾਤ ਰਾਹੀ ਸਪਸ਼ਟ ਹੋਇਆ ਕਿ ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਲਬਧ ਸਰੂਪ ਬਿਰਧ ਹੋ ਜਾਣ ’ਤੇ ਉਨ੍ਹਾਂ ਦਾ ਸਸਕਾਰ ਹੋਵੇ ਤਾਂ ਠੀਕ ਹੈ ਪਰ ਜੇਕਰ ਪੁਰਾਤਨ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਰੂਆਂ ਦੀਆਂ ਪੁਰਾਤਨ ਸਾਖੀਆਂ, ਸੈਂਚੀਆਂ, ਗੁਟਕੇ, ਹੱਥ ਲਿਖਤਾਂ ਜੋ ਉਪਲਬਧ ਨਹੀਂ ਹਨ ਉਹ ਅਗਨ-ਭੇਂਟ ਕੀਤੇ ਜਾਣ ਤਾਂ ਸਿੱਖ ਵਿਰਸੇ ਨਾਲ ਸੁਧਾ ਧ੍ਰੋਹ ਹੈ। ਇਸ ਸੰਵੇਦਨਸ਼ੀਲ ਮਾਮਲੇ ਬਾਰੇ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਦੇ ਸਕੱਤਰ ਸ੍ਰ: ਮਨਜੀਤ ਸਿੰਘ ਕਲਕੱਤਾ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਜਿੱਥੇ ਕੁਝ ਕੋਈ ਸਾਂਭਣਯੋਗ ਸਿੱਖ ਇਤਿਹਾਸ ਪਿਆ ਹੈ ਅਸੀਂ ਇਸ਼ਤਿਹਾਰ ਦਿੱਤਾ ਹੈ ਕਿ ਉਹ ਸਾਨੂੰ ਦਿੱਤਾ ਜਾਵੇ ਤਾਂ ਕਿ ਉਸ ਨੂੰ ਸਾਂਭਿਆ ਜਾ ਸਕੇ। ਉਨ੍ਹਾਂ ਇੱਥੇ ਇਹ ਵੀ ਕਿਹਾ ਕਿ ਗੁਰਦੁਆਰਾ ਸ੍ਰੀ ਗੋਇੰਦਵਾਲ ਸਾਹਿਬ ਤੋਂ ਬਿਨਾ ਅਸੀਂ ਕਿਸੇ ਨੂੰ ਕੋਈ ਇਜਾਜ਼ਤ ਨਹੀਂ ਦਿੱਤੀ ਕਿ ਕੋਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਨੂੰ ਬਿਰਧ ਕਰਾਰ ਦੇ ਕੇ ਉਨ੍ਹਾਂ ਨੂੰ ਅਗਨ-ਭੇਟ ਕਰੇ। ਪਰ ਇਸ ਦੇ ਉਲਟ ਇੱਥੇ ਪਟਿਆਲਾ ਵਿਖੇ ਗੁਰਦੁਆਰਾ ਅੰਗੀਠਾ ਸਾਹਿਬ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਨੁਸਾਰ 50,000 ਤੋਂ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਗਨ-ਭੇਟ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਦੀ ਕਿਸੇ ਵੱਲੋਂ ਕੋਈ ਇਜਾਜ਼ਤ ਨਹੀਂ ਦਿੱਤੀ ਗਈ।

ਇਸ ਤੋਂ ਇਲਾਵਾ ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਹਨਾਂ ਸਰੂਪਾਂ ਦਾ ਵੀ ਸਸਕਾਰ ਕੀਤਾ ਗਿਆ ਜੋ ਹੱਥ ਲਿਖਤ ਹੋਣ ਕਰਕੇ ਸਾਂਭਣਯੋਗ ਸਨ। ਇਸ ਦੇ ਨਾਲ ਹੀ ਇੱਥੇ ਬਹੁਤ ਸਾਰੀਆਂ ਸਾਖੀਆਂ, ਸੈਂਚੀਆਂ, ਗੁਰੂ-ਭਗਤਾਂ ਵੱਲੋਂ ਹੱਥ ਲਿਖਤ ਵੱਡੀ ਗਿਣਤੀ ਵਿੱਚ ਅਗਨ-ਭੇਟ ਕੀਤੀਆਂ ਜਾ ਚੁੱਕੀਆਂ ਹਨ। ਇੱਕ ਸਿੱਖ ਨੇ ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ ਉੱਤੇ ਦੱਸਿਆ ਕਿ ਮੇਰੇ ਕੋਲ ਅੰਗੀਠਾ ਸਾਹਿਬ ਪਟਿਆਲਾ ਵਾਲੇ ਬਾਬਾ ਜੀ ਆਏ, ਮੇਰੇ ਕੋਲ ਪੁਰਾਣੀ ਸਾਖੀ ਗੁਰੂ ਨਾਨਕ ਜੀ ਦੀ ਪਈ ਸੀ, ਉਹ ਮੇਰੇ ਕੋਲੋਂ ਪੜ੍ਹਨ ਲਈ ਲੈ ਗਏ ਪਰ ਬਾਅਦ ਵਿੱਚ ਜਦੋਂ ਮੈਂ ਮੰਗੀ ਤਾਂ ਮੈਨੂੰ ਕਹਿ ਦਿੱਤਾ ਕਿ ਉਸ ਦਾ ਬਿਰਧ ਹੋਣ ਕਰਕੇ ਸਸਕਾਰ ਕਰ ਦਿੱਤਾ ਗਿਆ ਹੈ। ਇੱਥੇ ਗੁਰਦੁਆਰਾ ਅੰਗੀਠਾ ਸਾਹਿਬ ਵਿਖੇ ਪੱਤਰਕਾਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਹੋਰ ਸਾਖੀਆਂ, ਸੈਂਚੀਆਂ ਦੇ ਦਰਸ਼ਨ ਕੀਤੇ ਜਿੱਥੇ ਕਿ ਬਿਰਧ ਸਰੂਪ ਕਰਾਰ ਦੇ ਕੇ ਬਹੁਤ ਸਾਰੇ ਕੀਮਤੀ ਗ੍ਰੰਥ ਰੱਖੇ ਪਏ ਹਨ, ਜਿਨ੍ਹਾਂ ਦਾ ਸਸਕਾਰ ਅਜੇ ਹੋਣਾ ਹੈ। ਇਨ੍ਹਾਂ ਵਿੱਚ ਭਾਈ ਰਾਮ ਕੁਇਰ (ਇਹ ਬਾਬਾ ਬੰਦਾ ਸਿੰਘ ਬਹਾਦਰ ਦੀ ਕੁਲ ਵਿੱਚੋਂ ਸਨ) ਦਾ ਪ੍ਰਸੰਗ, ਭਗਤ ਬਾਣੀ ਸਟੀਕ, ਦਸਵੇਂ ਪਾਤਸ਼ਾਹ ਜੀ ਦੀ ਬਾਣੀ ਦੀ ਹੱਥ ਲਿਖਤ ਚੂਨਾ ਮੰਡੀ ਲਾਹੌਰ, ਲਾਲਾ ਗੰਗਾ ਬਿਸਨ ਦੁਆਰਾ ਪੁਰਾਣਾ ਪ੍ਰਕਾਸ਼ਤ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ (ਅੰਗਰੇਜ਼ੀ) 1962, ਸੰਨ 444 ਨਾਨਕਸ਼ਾਹੀ, ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਇ ਸਾਹਿਬ ਮੁਨਸ਼ੀ ਗੁਲਾਬ ਸਿੰਘ ਐਂਡ ਸੰਨਜ਼ ਵੱਲੋਂ ਛਾਪਿਆ, ਤੋਂ ਇਲਾਵਾ ਹੋਰ ਬਹੁਤ ਸਾਖੀਆਂ ਪਈਆਂ ਹਨ ਜਿਨ੍ਹਾਂ ਵਿੱਚ ਅਰਬੀ ਭਾਸ਼ਾ ਵਿੱਚ ਲਿਖਿਆ ਗੁਰੂ ਗ੍ਰੰਥ ਸਾਹਿਬ, ਹਿੰਦੀ ਵਿੱਚ ਲਿਖਿਆ ਗੁਰੂ ਗ੍ਰੰਥ ਸਾਹਿਬ, ਅੰਗਰੇਜ਼ੀ ਵਿੱਚ ਲਿਖਿਆ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਬਹੁਤ ਸਾਰੇ ਧਾਰਮਕ ਗ੍ਰੰਥ ਹੱਥ ਲਿਖਤ ਪਏ ਹਨ। ਜੇਕਰ ਉਹ ਨਾ ਸਾਂਭੇ ਗਏ ਤਾਂ ਸ਼ਾਇਦ ਉਨ੍ਹਾਂ ਤੋਂ ਵੀ ਸਿੱਖ ਵਿਰਸਾ ਵਿਰਵਾ ਹੋ ਜਾਵੇਗਾ। ਇਨ੍ਹਾਂ ਸਾਧਾਂ ਬਾਰੇ ਇਹ ਵੀ ਪਤਾ ਲੱਗਾ ਹੈ ਕਿ ਜਿੱਥੇ ਪੁਰਾਣੀਆਂ ਧਾਰਮਕ ਲਿਖਤਾਂ ਜਾਂ ਪੁਰਾਤਨ ਗੁਰੂ ਗ੍ਰੰਥ ਸਾਹਿਬ ਪਏ ਹਨ ਤਾਂ ਉਹ ਸਾਧ ਉੱਥੇ ਜਾਂਦੇ ਹਨ ਤੇ ਉਨ੍ਹਾਂ ਨੂੰ ਲੈਣ ਲਈ ਉਨ੍ਹਾਂ ਲੋਕਾਂ ’ਤੇ ਦਬਾਅ ਪਾਉਂਦੇ ਹਨ। ਕਈ ਜਗ੍ਹਾ ਉੱਤੇ ਉਨ੍ਹਾਂ ਦੀਆਂ ਲੜਾਈਆਂ ਵੀ ਹੋਈਆਂ ਹਨ ਪਰ ਧਾਰਮਕ ਮਸਲਾ ਹੋਣ ਕਾਰਨ ਕੋਈ ਬੋਲਦਾ ਨਹੀਂ ਜਿਸ ਕਾਰਨ ਸਿੱਖ ਵਿਰਸਾ ਅਲੋਪ ਹੋ ਰਿਹਾ ਹੈ। ਕਈ ਸਿੱਖ ਬੁੱਧੀਜੀਵੀਆਂ ਨੇ ਆਖਿਆ ਕਿ ਜੇਕਰ ਇਸੇ ਤਰ੍ਹਾਂ ਸਾਖੀਆਂ, ਪੁਰਾਤਨ ਲਿਖਤਾਂ ਅਗਨ-ਭੇਟ ਹੁੰਦੀਆਂ ਰਹੀਆਂ ਤਾਂ ਸਿੱਖ ਇਤਿਹਾਸ ਉੱਤੇ ਕੌਣ ਪੀ.ਐਚ-ਡੀ. (ਖੋਜ) ਕਰੇਗਾ। ਖੋਜ ਕਰਨ ਲਈ ਉਸ ਨੂੰ ਕਿੱਥੋਂ ਗਵਾਹੀਆਂ ਮਿਲਣਗੀਆਂ। ਜਦ ਕਿ ਸ਼੍ਰੋਮਣੀ ਕਮੇਟੀ ਕੋਲ ਅਰਬਾਂ ਦਾ ਬਜਟ ਹੈ। ਪੁਰਾਤਨ ਲਿਖਤਾਂ ਨੂੰ ਕੋਈ ਵਿਸ਼ੇਸ਼ ਟੌਨਿਕ ਦੇ ਕੇ ਸੰਭਾਲਿਆ ਜਾ ਸਕਦਾ ਹੈ। ਇਸ ਬਾਰੇ ਗੁਰਦੁਆਰਾ ਅੰਗੀਠਾ

ਸਾਹਿਬ ਦੇ ਮੁਖੀ ਬਾਬਾ ਅਜਮੇਰ ਸਿੰਘ ਨਾਲ ਗੱਲਬਾਤ ਕੀਤੀ। ਉਨ੍ਹਾਂ ਮੰਨਿਆ ਕਿ ਅਸੀਂ ਬਾਹਰੋਂ ਗੁਰੂ ਗ੍ਰੰਥ ਸਾਹਿਬ ਇਕੱਠੇ ਕਰਦੇ ਹਾਂ। ਪੰਜ ਸਿੰਘ ਸਾਹਿਬਾਨ ਸਜ ਕੇ ਉਨ੍ਹਾਂ ਦੇ ਬਿਰਧ ਹੋਣ ਦਾ ਪ੍ਰਮਾਣ ਦਿੰਦੇ ਹਨ ਤਾਂ ਮਹੀਨੇ ਦੇ ਅਖੀਰਲੇ ਐਤਵਾਰ ਬਿਰਧ ਬੀੜਾਂ ਤੇ ਗ੍ਰੰਥਾਂ ਦਾ ਸਸਕਾਰ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਮੰਨਿਆ ਕਿ ਇਸ ਸਬੰਧੀ ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਨੂੰ ਕੋਈ ਇਜਾਜ਼ਤ ਨਹੀਂ ਦਿੱਤੀ ਪਰ ਇਤਰਾਜ਼ ਕਦੇ ਵੀ ਨਹੀਂ ਕੀਤਾ। ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ, ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ, ਉਨ੍ਹਾਂ ਨੂੰ ਆਪਣੇ ਕਾਰਜ-ਕਾਲ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਇਨ੍ਹਾਂ ਪੰਥਕ ਸੇਵਾਵਾਂ ਬਾਰੇ ਸਨਮਾਨਤ ਵੀ ਕਰ ਚੁੱਕੇ ਹਨ। ਜਦੋਂ ਇਸ ਸਬੰਧੀ ਪ੍ਰੋ. ਬਡੂੰਗਰ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਛਿੱਥੇ ਪੈ ਕੇ ਫੋਨ ਹੀ ਬੰਦ ਕਰ ਦਿੱਤਾ।

ਇਹੋ ਜਿਹੀਆਂ ਮੰਦੀਆਂ ਕਰਤੂਤਾਂ ਕਰਨ ਵਾਲੇ ਸਿੱਖਾਂ ਦੇ ਸਤਿਕਾਰਤ ਬਾਣਿਆਂ ਦੇ ਵਿੱਚ ਫਿਰ ਰਹੇ ਹਨ। ਜਿਨ੍ਹਾਂ ਨੂੰ ਸਜ਼ਾਵਾਂ ਦੇਣੀਆਂ ਬਣਦੀਆਂ ਸਨ ਉਨ੍ਹਾਂ ਨੂੰ ਵੱਡੇ ਜਥੇਦਾਰ ਵੱਲੋਂ ਸਿਰੋਪੇ ਦੇ ਕੇ ਨਿਵਾਜਿਆ ਜਾ ਰਿਹਾ ਹੈ। ਇਨ੍ਹਾਂ ਦੇ ਏਜੰਟ (ਜੋ ਕਿ ਸਾਰੇ ਹੀ ਸਰਕਾਰੀ ਏਜੰਸੀਆਂ ਵੱਲੋਂ ਥਾਪੇ ਪ੍ਰਤੀਤ ਹੁੰਦੇ ਹਨ) ਘਰ-ਘਰ ਜਾ ਕੇ ਗੁਰਦੁਆਰਿਆਂ, ਲਾਇਬ੍ਰੇਰੀਆਂ ਤੇ ਹੋਰ ਅਜਿਹੀਆਂ ਥਾਵਾਂ ਜਿੱਥੋਂ ਇਨ੍ਹਾਂ ਨੂੰ ਸਿੱਖ ਇਤਿਹਾਸ ਨਾਲ ਸਬੰਧਤ ਪੁਰਾਤਨ ਲਿਖਤਾਂ ਮਿਲਣ ਦੀ ਆਸ ਹੁੰਦੀ ਹੈ ਝੱਟ ਪਹੁੰਚ ਕਰ ਕੇ ਉਨ੍ਹਾਂ ਦਾ ਸਸਕਾਰ ਕਰਨ ਵਿੱਚ ਦੇਰੀ ਨਹੀਂ ਲਾਉਂਦੇ। ਮਿਸਲ ਸ਼ਹੀਦਾਂ ਜਥੇਬੰਦੀ ਵੱਲੋਂ ਸਮੂਹ ਪੰਥ-ਦਰਦੀਆਂ ਨੂੰ ਇਹ ਅਪੀਲ ਕੀਤੀ ਜਾਂਦੀ ਹੈ ਕਿ ਅਜਿਹੇ ਲੋਕਾਂ ਤੋਂ ਸੁਚੇਤ ਹੋਵੋ ਅਤੇ ਕੋਈ ਵੀ ਕਿਸੇ ਤਰ੍ਹਾਂ ਦੀ ਸਿੱਖ ਇਤਿਹਾਸ ਨਾਲ ਸਬੰਧਤ ਪੁਰਾਤਨ ਲਿਖਤ ਇਨ੍ਹਾਂ ਹਵਾਲੇ ਨਾ ਕਰੋ। ਅਤੇ ਇਨ੍ਹਾਂ ਕੋਲ ਜੋ ਆਪਣੇ ਸਿੱਖ ਇਤਿਹਾਸ ਬਾਰੇ ਪੁਰਾਤਨ ਅਮੋਲਕ ਖ਼ਜ਼ਾਨਾ ਪਿਆ ਹੈ ਉਸ ਨੂੰ ਵਾਪਸ ਕਰਾਉਣ ਲਈ ਹੰਭਲਾ ਵੀ ਮਾਰਿਆ ਜਾਵੇ। ਜੇਕਰ ਤੁਸੀਂ ਅਜਿਹੀ ਕੋਈ ਵੀ ਲਿਖਤ ਸਾਂਭਣ ਤੋਂ ਅਸਮਰੱਥ ਹੋ ਤਾਂ ਮਿਸਲ ਸ਼ਹੀਦ ਜਥੇਬੰਦੀ ਨਾਲ ਸੰਪਰਕ ਕਰੋ ਤਾਂ ਕਿ ਸਿੱਖਾਂ ਦਾ ਅਨਮੋਲ ਸਰਮਾਇਆ ਕਿਸੇ ਹੱਦ ਤੱਕ ਬਚਾਇਆ ਜਾ ਸਕੇ।

ਜ਼ਮਾਨਾ ਕਾਂਪ ਉਠੇਗਾ ਯੇ ਖ਼ੂਨੀ ਮਾਜ਼ਰਾ ਸੁਨ ਕਰ
ਕਿ ਮੇਰੇ ਸਾਮਨੇ ਫੂਕਾ ਗਿਆ ਆਸ਼ਿਆਨਾ ਮਿਰਾ।

✪✪✪✪✪

## 'ਸਪੋਕਸਮੈਨ' ਸਬੰਧੀ ਇੱਕ ਪੰਥ-ਦਰਦੀ ਦੀ ਪੜਤਾਲ ਦਾ ਜਵਾਬ

ੴ ਸਤਿ ਗੁਰਪ੍ਰਸਾਦਿ

25-10-2004

ਬਹੁਤ ਜ਼ਰੂਰੀ ਪੱਤਰ ਹੈ ਜੀ।

ਸਨਮਾਨਯੋਗ ਸ੍ਰ. ਗੁਰਤੇਜ ਸਿੰਘ ਜੀ,

ਫ਼ਤਹਿ ਪ੍ਰਵਾਨ ਕਰਨੀ ਜੀ।

ਸ੍ਰੀ ਮਾਨ ਜੀਉ, ਬੇਨਤੀ ਇਹ ਹੈ ਕਿ ਜੋ ਜੋਗਿੰਦਰ ਸਿੰਘ, ਸੰਪਾਦਕ ਸਪੋਕਸਮੈਨ, ਚੰਡੀਗੜ੍ਹ ਵੱਲੋਂ ਟ੍ਰਸਟ ਕਾਇਮ ਕਰ ਕੇ ਕਰੋੜਾਂ ਰੁਪੈ ਇਕੱਠੇ ਕੀਤੇ ਜਾ ਰਹੇ ਹਨ ਉਸ ਦੀ ਅਸਲੀਅਤ ਕੀ ਹੈ ਕ੍ਰਿਪਾ ਕਰ ਕੇ ਅਸਲੀਅਤ ਤੋਂ ਜਾਣੂੰ ਤੁਰੰਤ ਕਰੋ। ਮਾਨਸਾ ਤੋਂ 5 ਲੱਖ ਰੁਪੈ ਭੇਜਣ ਵਾਸਤੇ ਮੇਰੇ ਕੋਲੋਂ ਜਾਣਕਾਰੀ ਮੰਗਦੇ ਹਨ। ਪੂਰੀ ਜਾਣਕਾਰੀ ਲੈਣ ਲਈ ਮੈਂ 18-10-2004 ਨੂੰ ਸਵੇਰੇ 9 ਵਜੇ ਜੋਗਿੰਦਰ ਸਿੰਘ ਨੂੰ ਮਿਲ ਕੇ ਜਾਣਕਾਰੀ ਮੰਗੀ ਸੀ ਉਨ੍ਹਾਂ ਨੇ ਅੱਜ ਤਾਂਈ ਵੀ ਲਿਖਤੀ ਜਾਣਕਾਰੀ ਕੋਈ ਵੀ ਨਹੀਂ ਭੇਜੀ ਹੈ। ਪ੍ਰੰਤੂ ਫਿਰ ਮੈਂ ਤੁਹਾਡੇ ਦਫ਼ਤਰ ਤੋਂ ਪੂਰੀ ਜਾਣਕਾਰੀ ਪ੍ਰਾਪਤ ਕਰਨੀ ਜ਼ਰੂਰੀ ਸਮਝੀ ਹੈ। ਜੇਕਰ ਤੁਹਾਡਾ ਇਸ ਨਾਲ ਕੋਈ ਵੀ ਮੇਲ-ਜੋਲ ਨਹੀਂ ਹੈ ਤਾਂ ਤੁਸੀਂ ਆਪਣੇ ਬੁਲੇਟਿਨ ਵਿੱਚ ਤੁਰੰਤ ਜਾਣਕਾਰੀ ਦਿਉ ਕਿਉਂਕਿ ਸਪੋਕਸਮੈਨ ਵਿੱਚ ਤੁਹਾਡੇ ਨਾਉਂ ਦਾ ਵੇਰਵਾ ਕਈ ਵਾਰੀ ਆਇਆ ਸੀ ਅਤੇ 17-10-2004 ਨੂੰ ਵੀ ਸਪੋਕਸਮੈਨ ਟ੍ਰਸਟ ਦੀ ਕੋਈ ਜਾਣਕਾਰੀ ਨਹੀਂ ਦਿੱਤੀ ਹੈ। ਪੰਥ ਪਹਿਲੋਂ ਹੀ ਕਾਫ਼ੀ ਬਦਨਾਮ ਹੋ ਚੁੱਕਾ ਹੈ, ਹੋਰ ਗੰਧਲਾ ਹੋਣ ਤੋਂ ਤੁਰੰਤ ਬਚਾਉਣ ਦੀ ਵੱਡੀ ਲੋੜ ਹੈ। ਜੇਕਰ ਜੁਗਿੰਦਰ ਸਿੰਘ ਕੋਈ ਵੀ ਧੋਖਾ ਕਰ ਰਿਹਾ ਹੈ ਤਾਂ ਸਾਰੀ ਜੰਤਾਂ (ਜਨਤਾ) ਨੂੰ ਤੁਰੰਤ ਜਾਣਕਾਰੀ ਦੇਵੋ। ਜਿਨ੍ਹਾਂ ਭੈਣ-ਭਾਈਆਂ ਦਾ ਨਾਉਂ ਟ੍ਰਸਟ ਵਾਸਤੇ ਪਹਿਲਾਂ ਛਾਪਿਆ ਗਿਆ ਸੀ ਉਹ ਸਾਰੇ ਆਪਣੀਆਂ ਲਿਖਤਾਂ ਭੇਜ ਕੇ ਜੰਤਾ ਨੂੰ ਦੱਸਣ ਕਿ ਉਹ ਸਪੋਕਸਮੈਨ ਟ੍ਰਸਟ ਦੇ ਕੋਈ ਮੈਂਬਰ ਨਹੀਂ ਹਨ। ਲਿਖਣ ਵਿੱਚ ਦੇਰੀ ਨਹੀਂ ਕਰਨੀ ਤਾਂ ਕਿ 30-10-2004 ਨੂੰ ਧੋਖੇਬਾਜ਼ੀ ਦੀ ਜਾਣਕਾਰੀ ਲੋਕਾਂ ਨੂੰ ਮਿਲ ਜਾਵੇ।

ਆਪ ਜੀ ਦਾ ਧੰਨਵਾਦੀ।

ਭਗਵਾਨ ਸਿੰਘ

## ਗੁਰਤੇਜ ਸਿੰਘ ਵੱਲੋਂ ਜਵਾਬ

ਜੋਗਿੰਦਰ ਸਿੰਘ ਬਾਰੇ ਮੈਂ ਆਪਣੇ ਵਿਚਾਰ ਜ਼ਰੂਰ ਰੱਖਦਾ ਹਾਂ ਪਰ ਅਸਲੀਅਤ ਤਾਂ ਗੁਰੂ ਹੀ ਜਾਣਦਾ ਹੈ।

ਜੋਗਿੰਦਰ ਸਿੰਘ ਨੇ ਹਫ਼ਤਾਵਾਰ ਅਖ਼ਬਾਰ ਚਾਲੂ ਕਰਨ ਦੇ ਕਈ ਐਲਾਨ ਕੀਤੇ ਹਨ ਅਤੇ ਤਰੀਕਾਂ ਮਿਥੀਆਂ ਹਨ ਪਰ ਅਜੇ ਤੱਕ ਉਹ ਪਰਚਾ ਚਾਲੂ ਨਹੀਂ ਹੋ ਸਕਿਆ। ਹੁਣ ਸ਼ਾਇਦ ਕਦੇ ਵੀ

ਨਾ ਹੋਵੇ। ਰੋਜ਼ਾਨਾ ਅਖ਼ਬਾਰ ਚਾਲੂ ਕਰਨ ਦੀ ਘੱਟੋ-ਘੱਟ ਇੱਕ ਤਰੀਕ (ਐਤਕੀਂ ਦਾ ਸੰਮੇਲਨ) ਤਾਂ ਨਿਕਲ ਚੁੱਕਿਆ ਹੈ। ਕਿੰਨੇ ਹੋਰ ਨਿਕਲਣਗੇ, ਕੁਈ ਨਹੀਂ ਕਹਿ ਸਕਦਾ। ਮੇਰਾ ਆਪਣਾ ਅੰਦਾਜ਼ਾ ਹੈ ਕਿ ਰੋਜ਼ਾਨਾ ਅਖ਼ਬਾਰ ਘੱਟੋ-ਘੱਟ ਜੋਗਿੰਦਰ ਸਿੰਘ ਤਾਂ ਕਦੇ ਨਹੀਂ ਕੱਢੇਗਾ।

ਮੈਂ ਕਦੇ ਵੀ 'ਸਪੋਕਸਮੈਨ ਟ੍ਰਸਟ (ਜੇ ਕੁਈ ਹੈ) ਤਾਂ ਓਸ ਦਾ ਮੈਂਬਰ ਨਹੀਂ ਰਿਹਾ, ਨਾ ਕੁਈ ਕਿਸੇ ਕਿਸਮ ਦੇ ਏਸ ਸਬੰਧੀ ਬਣੇ ਜਨਤਕ ਟ੍ਰਸਟ ਦੀ ਮੈਨੂੰ ਜਾਣਕਾਰੀ ਹੈ। ਜਿੱਥੋਂ ਤੱਕ ਮੈਨੂੰ ਪਤਾ ਹੈ ਇੱਕ ਨਿੱਜੀ ਟ੍ਰਸਟ ਇੱਕ ਪ੍ਰਵਾਰ ਉੱਤੇ ਆਧਾਰਤ ਬਣਿਆ ਹੋਇਆ ਹੈ। ਮੇਰੇ ਇੱਕ ਦੋਸਤ ਨੇ ਓਸ ਦੇ ਕਾਗਜ਼ ਵੇਖੇ ਹਨ ਅਤੇ ਉਹਨਾਂ ਦਾ ਆਖਣਾ ਹੈ ਕਿ ਇਹ ਕੇਵਲ ਇੱਕ ਪ੍ਰਵਾਰ ਦੇ ਨਿੱਜੀ ਲਾਭ ਲਈ ਹੈ।

ਕਈ ਫ਼ਿਲਮਾਂ ਆਦਿ ਸਪੋਕਸਮੈਨ ਵਾਸਤੇ ਮਾਇਆ ਇਕੱਠੀ ਕਰਨ ਲਈ ਬਣੀਆਂ ਸਨ। ਮੈਨੂੰ ਦੋ ਸ਼ਬਦ ਕਹਿਣ ਲਈ ਬੁਲਾਇਆ ਵੀ ਗਿਆ ਸੀ ਪਰ ਮੈਂ ਕਦੇ ਓਹਨਾਂ ਵਿੱਚ ਹਿੱਸਾ ਨਹੀਂ ਪਾਇਆ।

ਵਪਾਰਕ ਸੋਝੀ ਰੱਖਣ ਵਾਲਿਆਂ ਦਾ ਆਖਣਾ ਹੈ ਕਿ 'ਸਪੋਕਸਮੈਨ' ਨਿਰੰਤਰ ਘਾਟੇ ਵਿੱਚ ਜਾ ਰਿਹਾ ਹੈ। ਏਸ ਲਈ ਜਨਤਾ ਵੱਲੋਂ ਰੋਜ਼ਾਨਾ ਅਖ਼ਬਾਰ ਜਾਰੀ ਕਰਨ ਲਈ ਦਿੱਤੀ ਜਾ ਰਹੀ ਰਕਮ ਨੂੰ ਨਿਰੰਤਰ ਖੋਰਾ ਲੱਗ ਰਿਹਾ ਹੈ।

ਜੇ ਤੁਸੀਂ ਵੀ ਕੁਈ ਰਕਮ ਆਦਿ ਦੇਣਾ ਚਾਹੁੰਦੇ ਹੋ ਤਾਂ ਸ਼ਾਇਦ ਪਹਿਲਾਂ ਹਿਸਾਬ-ਕਿਤਾਬ ਵੇਖਣਾ ਜਾਇਜ਼ ਹੋਵੇਗਾ। ਬਿਹਤਰ ਤਾਂ ਇਹ ਹੈ ਕਿ ਜੋਗਿੰਦਰ ਸਿੰਘ ਆਪਣੇ ਪਰਚੇ ਵਿੱਚ ਹੀ ਛਾਪ ਦੇਵੇ ਕਿ ਓਸ ਨੇ ਕਿੰਨੀ ਕੀਮਤ ਦੀ ਕਿਹੜੀ ਜਾਇਦਾਦ ਟ੍ਰਸਟ ਨੂੰ ਦਿੱਤੀ ਅਤੇ ਦੇਣ ਵੇਲੇ ਓਸ ਜਾਇਦਾਦ ਉੱਤੇ ਕਿੰਨਾਂ ਕਰਜ਼ਾ ਸੀ। ਇਹ ਵੀ ਦੱਸੇ ਕਿ ਘਾਟੇ ਵਿੱਚ ਲਗਾਤਾਰ ਛਪਣ ਕਾਰਣ ਹੁਣ ਸਪੋਕਸਮੈਨ ਨੂੰ ਰੋਜ਼ਾਨਾ ਬਣਾਉਣ ਲਈ ਕਿੰਨੀ ਕੁ ਰਕਮ ਬਾਕੀ ਬਚੀ ਹੈ।

ਸਪੋਕਸਮੈਨ ਨਾਲ ਮੇਰਾ ਰਸਮੀ ਸਬੰਧ ਤੋਂ ਇਲਾਵਾ, ਕੇਵਲ ਰਚਨਾਵਾਂ ਛਾਪਣ ਦਾ ਹੀ ਸਬੰਧ ਰਿਹਾ ਹੈ ਹੋਰ ਕੁਈ ਨਹੀਂ ਅਤੇ ਹੁਣ ਪਿਛਲੇ ਸਾਲ ਤੋਂ ਮੈਂ ਕੁਈ ਲੇਖ ਵੀ ਕਦੇ ਛਪਣ ਲਈ ਨਹੀਂ ਭੇਜਿਆ।

ਲੋਕ ਆਪਣਾ ਭਲਾ-ਬੁਰਾ ਆਪ ਵਿਚਾਰਨ। ਜੇ ਅੱਜ ਤੋਂ ਪਹਿਲਾਂ ਕਿਸੇ ਨੇ ਇਹ ਸਵਾਲ ਪੁੱਛਿਆ ਹੁੰਦਾ ਤਾਂ ਮੈਂ ਓਦੋਂ ਵੀ ਏਹੀ ਜੁਆਬ ਦੇਣਾ ਸੀ ਜੋ ਅੱਜ ਦੇ ਰਿਹਾ ਹਾਂ।

ਆਪ ਜਜ਼ਬੇ ਵਾਲੇ ਸਿੱਖ ਅਤੇ ਧਰਮ ਪ੍ਰਤੀ ਅਥਾਹ ਸ਼ਰਧਾ ਰੱਖਣ ਵਾਲੇ ਹੋ। ਆਪ ਦੇ ਹੁਕਮ ਨੂੰ ਸਿਰ-ਮੱਥੇ ਰੱਖ ਕੇ ਇਹ ਸਾਰਾ ਕੁਝ ਲਿਖ ਰਿਹਾ ਹਾਂ ਜੀ।

ਆਪਦਾ,

ਗੁਰਤੇਜ ਸਿੰਘ।

✪✪✪✪✪

## ਪੰਜਾਹ ਹਜ਼ਾਰ ਰੁਪਏ ਦਾ ਇਨਾਮ ਪਾਓ

ਗੁਰੂ ਗ੍ਰੰਥ ਸਾਹਿਬ ਦੇ ਚਾਰ ਸੌ ਸਾਲਾ ਪ੍ਰਕਾਸ਼ ਉਤਸਵ 'ਤੇ ਰਾਗਮਾਲਾ ਦਾ ਝਗੜਾ ਸਮਾਪਤ ਹੋ ਜਾਣਾ ਚਾਹੀਦਾ ਸੀ। ਗਿਆਨੀ ਗੁਰਦਿੱਤ ਸਿੰਘ ਨੇ ਚੰਡੀਗੜ੍ਹ ਤੋਂ 'ਮੁੰਦਾਵਣੀ' ਨਾਮੀ ਪੁਸਤਕ ਲਿਖ ਕੇ ਸਿੱਧ ਕੀਤਾ ਹੈ ਕਿ ਰਾਗਮਾਲਾ ਗੁਰਬਾਣੀ ਨਹੀਂ ਹੈ। ਇਸ ਦੇ ਉਲਟ ਜੇ ਕੋਈ ਵੀ ਵਿਦਵਾਨ ਰਾਗਮਾਲਾ ਦੇ ਹੱਕ ਵਿੱਚ ਪੁਸਤਕ ਲਿਖ ਕੇ ਸਬੂਤਾਂ ਸਹਿਤ ਸਿੱਧ ਕਰ ਦੇਵੇ ਕਿ ਇਹ ਗੁਰਬਾਣੀ ਹੈ ਤੇ ਵਿਦਵਾਨਾਂ ਦਾ ਇੱਕ ਪੈਨਲ ਇਸ ਨੂੰ ਪ੍ਰਵਾਨ ਕਰ ਲਵੇ ਤਾਂ ਦਾਸ ਉਸ ਗੁਰਮੁਖ ਸੱਜਣ ਨੂੰ ਪੰਜਾਹ ਹਜ਼ਾਰ ਰੁਪਏ ਇਨਾਮ ਵਜੋਂ ਦੇਵੇਗਾ। ਪੰਥ ਦੋਹਾਂ ਲਿਖਾਰੀਆਂ ਵਿੱਚੋਂ ਇੱਕ ਨੂੰ ਸਹੀ ਮੰਨ ਕੇ ਦੁਬਿਧਾ ਵਿੱਚੋਂ ਨਿਕਲ ਜਾਵੇਗਾ।

ਵੱਲੋਂ: ਰਣਜੀਤ ਸਿੰਘ

ਪੁਤਰ ਹਰੀ ਸਿੰਘ

ਪਿੰਡ ਬਹਾਦਰ ਪੁਰ

ਜਿਲਾ ਸੰਗਰੂਰ, ਪੰਜਾਬ।

ਫ਼ੋਨ ਨੰਬਰ 0167-287557

✪✪✪✪✪

**ਪਾਠਕ ਸੱਜਣਾਂ ਦੇ ਧਿਆਨ ਹਿਤ**

ਜਾਤ-ਪਾਤ ਤੇ ਸਿੱਖ

**ਵਿਸ਼ਵ ਸਿੱਖ ਸੰਮੇਲਨਾਂ ਦੀ ਜਾਣਕਾਰੀ ਪ੍ਰਕਾਸ਼ਤ ਕਰਨੀ ਜ਼ਰੂਰੀ ਸੀ। ਇਸ ਲਈ ਜਗ੍ਹਾ ਦੀ ਘਾਟ ਕਾਰਣ ਸ੍ਰ. ਜਗਜੀਤ ਸਿੰਘ ਦੀ ਪੁਸਤਕ 'ਜਾਤ ਪਾਤ ਤੇ ਸਿੱਖ' ਦਾ ਲੜੀਵਾਰ ਪ੍ਰਕਾਸ਼ਨ ਨਵੰਬਰ ਅੰਕ ਵਿੱਚ ਨਹੀਂ ਕੀਤਾ ਜਾ ਸਕਿਆ।**

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਅਤੇ ਸੰਪਾਦਕ ਗੁਰਤੇਜ ਸਿੰਘ ਦੁਆਰਾ, ਸਵੀਤਾਰ ਪ੍ਰੈਸ, 819-20, ਇੰਡਸਟਰੀਅਲ ਏਰੀਆ, ਚੰਡੀਗੜ੍ਹ ਤੋਂ ਛਪਵਾ ਕੇ ਐਸ.ਸੀ.ਓ. 60-61, ਸੈਕਟਰ 17-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ ਗਿਆ।